# ਅੰਮ੍ਰਿਤ ਕੀਰਤਨ

ਅੰਕ 9 ਸਾਲ ਤੀਜਾ ਸਤੰਬਰ 1991

ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 9 ਸਾਲ ਤੀਜਾ ਸਤੰਬਰ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਤੁਹਾਡੇ ਪੱਤਰ 4
2. ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ
—ਡਾ. ਜਾਗੀਰ ਸਿੰਘ 6
3. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ
—ਬੀਬੀ ਜਸਬੀਰ ਕੌਰ 11
4. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ
—ਪ੍ਰੇਮ ਸਿੰਘ ਪ੍ਰੇਮ 20
5. ਕੀਰਤਨ ਕਲਾ ਦੀ ਸਾਂਭ
—ਹਰਜਾਪ ਸਿੰਘ ਅਮਰੀਕਾ 23
6. ਸ਼ਬਦ-ਸੁਰ ਲਿਪੀ ਰਾਗ ਮਾਝ
—ਸ੍ਰ. ਉੱਤਮ ਸਿੰਘ 28
7. ਸੰਗੀਤ ਚੂੜਾਮਣਿ-ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ
—ਹਰਭਜਨ ਸਿੰਘ ਖਾਲਸਾ 30

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਤੁਹਾਡੇ ਪੱਤਰ

ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦਿਆਂ ਜੀਵਨ-ਸਹਿਯੋਗੀ ਦੇ ਤੌਰ ਤੇ ਚੰਦਾ ਭੇਜਿਆ ਜਾ ਰਿਹਾ ਹੈ।

ਜਸਬੀਰ ਕੌਰ, ਗੁ: ਗੁਰਗਿਆਨ ਪ੍ਰਕਾਸ਼
ਪਿੰਡ ਜਵੱਦੀ, ਲੁਧਿਆਣਾ

ਆਪ ਦੀ ਪਤ੍ਰਕਾ ਚੜ੍ਹਦੀ ਕਲਾ ਵਿਚ ਜਾਵੇ। ਵਾਹਿਗੁਰੂ ਪਾਸੋਂ ਇਹ ਹੀ ਦੁਆ ਮੰਗਦਾ ਹਾਂ। ਇਹ ਗੁਰ ਸਿੱਖ ਬੱਚੇ-ਬੱਚੀਆਂ ਨੂੰ ਕੀਰਤਨ ਨਾਲ ਜੋੜੇਗਾ।

ਸ੍ਰ. ਹਰੀ ਸਿੰਘ ਪਿੰਡ ਤੇ ਡਾਕਖਾਨਾ ਹੱਥਨ ਜਿਲ੍ਹਾ ਸੰਗਰੂਰ

'ਅੰਮ੍ਰਿਤ ਕੀਰਤਨ' ਬਾਰੇ ਜਾਣਕੇ ਬੜੀ ਖੁਸ਼ੀ ਹੋਈ। 'ਕਲਜੁਗ ਮਹਿ ਕੀਰਤਨ ਪ੍ਰਧਾਨਾ' ਅਰਥਾਤ ਕਲਜੁਗ ਵਿਚ ਕੀਰਤਨ ਦੀ ਬਹੁਤ ਮਹਾਨਤਾ ਹੈ। ਬਾਣੀ ਦੇ ਨਾਲ ਰਾਗ ਸੋਨੇ ਤੇ ਸੁਹਾਗਾ ਹੈ।

ਅਸ਼ਪਾਲ ਸਿੱਧੜ, ਸ਼ਾਹਕੋਟ ਜਲੰਧਰ

ਜੂਨ 1991 ਦੇ ਅੰਕ ਵਿਚ ਸਿੰਘ ਬੰਧੂਆਂ ਬਾਰੇ ਅੰਗਰੇਜ਼ੀ ਵਿਚ ਜਾਣਕਾਰੀ ਭਰਪੂਰ ਲੇਖ ਸ਼ਲਾਘਾਯੋਗ ਸੀ। ਸਿੰਘ ਬੰਧੂ ਬੜੇ ਪਿਆਰੇ ਗਾਇਕ ਹਨ। ਮੈਂ ਇਹਨਾਂ ਦਾ ਪ੍ਰੋਗਰਾਮ ਬੜੇ ਚਾਅ ਨਾਲ ਸੁਣਦਾ ਹਾਂ। ਮੈਨੂੰ ਕਲਾਸੀਕਲ ਸੰਗੀਤ ਵਿਚ ਬੜੀ ਦਿਲਚਸਪੀ ਹੈ। ਰਾਗ ਮਾਲਕੌਂਸ ਅਤੇ ਗੁਜਰੀ ਟੋਡੀ ਤਾਂ ਬਹੁਤ ਪਿਆਰੇ ਲਗਦੇ ਹਨ।

ਸ੍ਰ. ਮਹਿੰਦਰ ਸਿੰਘ ਨਿਰਮਾਣ ਪੂਨਾ

ਆਪ ਜੀ ਨੂੰ ਅਤੇ ਅੰਮ੍ਰਿਤ ਕੀਰਤਨ ਟ੍ਰਸਟ ਨੂੰ ਅੰਮ੍ਰਿਤ ਕੀਰਤਨ ਜਿਹਾ ਸੁੰਦਰ ਪਰਚਾ ਪ੍ਰਕਾਸ਼ਿਤ ਕਰਨ ਲਈ ਅਤੇ ਕੀਰਤਨ ਸਾਹਿਤਿਕ ਰਸੀਆਂ/ਕੀਰਤਨੀਆਂ ਦੀ ਸੇਵਾ ਕਰਨ ਲਈ ਲੱਖ ਲੱਖ ਵਧਾਈ।

ਤੇਰੈ ਘਰ ਅਨੰਦ ਵਧਾਈ ਤੁਧ ਘਰ
ਹਰਿ ਕੀਰਤਨ ਕਾ ਆਹਰੋ
ਤਹਿ ਬੈਕੁੰਠ ਜਹਿ ਕੀਰਤਨ ਤੇਰਾ
ਕਰਿ ਕੀਰਤਨ ਹੋਇ ਉਧਾਰ
ਝਿਮ ਝਿਮ ਵਰਸੈ ਅੰਮ੍ਰਿਤਧਾਰਾ

ਹਰਨਾਮ ਸਿੰਘ ਜਾਚਕ
ਐਮ.ਏ.ਬੀ.ਐਡ. ਪ੍ਰਿੰਸੀਪਲ ਸਿੰਬਲ ਕੈਂਪ ਜੰਮੂ

I was much interested in the article in Dr J. S. Sabar in July 1991 issue of 'Amrit Kirtan'. I thought he had some particular interpretation of the word GHAR (ਘਰ) used along with the litle of Raga and Mahla in Sri Guru Granth Sahib, but as usual, the writer ended by saying that various meanings of

"Ghar" are unsuitable and as such further research is needed. I raised this question of the inter pretation of the Ghar in my book entitled Indian classical Music and Sikh Kirtan published by oxford & I B H Publishing Co., New Delhi in 1982. Subsequently I contacted many Kirtaniyas nmsicologists and professors of Hindustan music about the meaning of Ghar but found no satisfactory explanation with would tally with the singing and the wording of the hymn in a particular Ghar in Guru Granth Sahib. Ghar is neither Tale nor svara but something else otherwise how can you explain the seventeen Ghars in Rag Asa in Guru Granth Sahib. May I therefore suggest that you may either organise a Seminar on "GHAR IN GURU GRANTH SAHIB" in Delhi or Chandigarh or publiase on Essay-Competition in English/Punjabi on this subject. I would be imposed to institute a suitable award for a convincing paper or essay on the above topic May I request for to give publicity to this matter is your esteemed music magazine.

Thanking you and awaiting your response.

Yours Sincerely

Gobind Singh Mansukhani

'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ । ਸਚਿਆ ਸਿੱਖੀ ਵਿੱਚ ਹਰਾਮ ਖਾਣ ਵਾਲੇ ਦੀ ਗੁਰੂ ਕਦੇ ਹਾਮੀ ਨਹੀਂ ਭਰਦਾ । ਇਸ ਲਈ ਆਪਣੇ ਵਲੋਂ ਲੇਖ ਦੀ ਕੰਟਾਰੀਬਿਊਸ਼ਨ ਕਰਕੇ ਆਪਣਾ ਫਰਜ਼ ਪੂਰਾ ਕਰਨ ਦਾ ਜਤਨ ਕਰ ਰਿਹਾ ਹਾਂ ।

ਅੱਜ ਦੇ ਆਰਥਕ ਸੰਕਟ ਭਰੇ ਸਮੇਂ ਜਦ ਪੇਪਰ ਚਲਾਣਾ ਕੇਵਲ ਵੱਡੀਆਂ ਸੰਸਥਾਵਾਂ ਦੇ ਹੀ ਵੱਸ ਵਿੱਚ ਰਹਿ ਗਿਆ ਹੈ, ਆਪ ਜਿਸ ਸਿਰੜ ਨਾਲ ਜੁਟੇ ਹੋਏ ਹੋ ਉਸ ਦੀ ਸ਼ਲਾਘਾ ਅਕੱਥ ਹੈ । ਆਪ ਨੇ ਗੁਰਬਾਣੀ ਸੰਗੀਤ ਰੂਪ ਕੌਮ ਦੀ ਉਸ ਪਰੰਪਰਾ ਅਤੇ ਸਰਮਾਏ ਨੂੰ ਪ੍ਰਚਾਰਨ ਦਾ ਵੱਡਾ ਉਪਰਾਲਾ ਕੀਤਾ ਹੈ, ਜਿਸ ਪੱਖੋਂ ਕੌਮ ਬਿਲਕੁਲ ਅਵੇਸਲੀ ਹੈ । ਮੇਰੀ ਅਰਦਾਸ ਹੈ ਕਿ ਆਪ ਦੀ ਸੰਸਥਾ ਆਪਣੇ ਮਨੋਰਥ ਵਿੱਚ ਕਾਮਯਾਬ ਹੋਵੇ ।

—ਹਰਭਜਨ ਸਿੰਘ ਖਾਲਸਾ ਪਟਿਆਲਾ

ਆਪ ਦੀਆਂ ਗੁਰਬਾਣੀ-ਕੀਰਤਨ ਦੀਆਂ ਰਸ ਭਿੰਨੀਆਂ ਕੈਸਟਾਂ ਸੁਣੀਆਂ ਬਹੁਤ ਅਨੰਦ ਆਇਆ । ਆਪ ਵਲੋਂ ਜੋ ਇਹ 'ਅੰਮ੍ਰਿਤ ਕੀਰਤਨ' ਮੈਗਜੀਨ ਕੀਰਤਨ ਪ੍ਰੇਮੀਆਂ ਲਈ ਕਢਿਆ ਜਾ ਰਿਹਾ ਹੈ ਬਹੁਤ ਹੀ ਸ਼ਲਾਘਾ ਯੋਗ ਹੈ । ਸਤਿਗੁਰੂ ਅੱਗੇ ਬੇਨਤੀ ਹੈ ਕਿ ਇਹ ਮੈਗਜ਼ੀਨ ਦਿਨ ਦੁਗਣੀ ਰਾਤ ਚੌਗਣੀ ਉੱਨਤੀ ਕਰੇ ।

—ਗਿਆਨੀ ਬਖਤਾਵਰ ਸਿੰਘ,

V.P.O. ਸੁਨੇਤ ਜਿਲਾ ਲੁਧਿਆਣਾ

# ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਦਾ ਮਹੱਤਵ

—ਡਾ. ਜਾਗੀਰ ਸਿੰਘ

ਜਿਸ ਸਾਹਿਤਕ ਤੇ ਸੰਸਕ੍ਰਿਤ ਪਿੱਠ-ਭੂਮੀ ਵਿਚ ਗੁਰਬਾਣੀ ਰਚੀ ਗਈ, ਉਸ ਵਿਚ ਕਵਿਤਾ ਤੇ ਸੰਗੀਤ ਦੇ ਸੁਮੇਲ ਦੀ ਬੜੀ ਲੰਮੀ ਪ੍ਰਥਾ ਚਲੀ ਆ ਰਹੀ ਸੀ। ਇਸ ਪ੍ਰਥਾ ਅਨੁਸਾਰ ਗੁਰੂ ਸਾਹਿਬਾਨ ਦੇ ਜੀਵਨ, ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਨੂੰ ਇੱਕੋ ਜਿੰਨਾ ਮਹੱਤਵ ਦਿੱਤਾ ਗਿਆ ਹੈ। ਗੁਰੂ ਕਾਵਿ ਵਿਚ ਕਵਿਤਾਂ ਤੇ ਸੰਗੀਤ ਦੇ ਅਧਿਐਨ ਲਈ ਜ਼ਰੂਰੀ ਹੈ ਕਿ ਅਸੀਂ ਗੁਰੂ ਵਿਅਕਤੀਆਂ ਦੇ ਜੀਵਨ, ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਨੂੰ ਜੋ ਮਹੱਤਵ ਪ੍ਰਾਪਤ ਹੋਇਆ ਹੈ, ਉਸ ਉੱਤੇ ਇਕ ਝਾਤ ਪਾ ਲਈਏ। ਇਸ ਮਨੋਰਥ ਅਧੀਨ ਅਸੀਂ ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ :—

1. ਗੁਰੂ ਵਿਅਕਤੀਆਂ ਦੇ ਨਿੱਜੀ ਜੀਵਨ ਵਿਚ ਕਵਿਤਾ ਤੇ ਸੰਗੀਤ ਦਾ ਮਹੱਤਵ।
2. ਸਿੱਖ ਸੰਸਥਾ ਵਿਚ ਕਵਿਤਾ ਤੇ ਸੰਗੀਤ (ਕੀਰਤਨ) ਦਾ ਮਹੱਤਵ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਦਾ ਉਲੇਖ।

**1. ਗੁਰੂ ਵਿਅਕਤੀਆਂ ਦੇ ਨਿਜੀ ਜੀਵਨ ਵਿਚ ਕਵਿਤਾ ਤੇ ਸੰਗੀਤ ਦਾ ਮਹੱਤਵ :**—ਸਿੱਖ ਮਤ ਦੇ ਦਸ ਗੁਰੂ ਸਾਹਿਬਾਨ ਵਿਚੋਂ ਗੁਰੂ ਹਰਿ ਗੋਬਿੰਦ ਜੀ, ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦੀ ਕੋਈ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਅਤੇ ਨਾ ਹੀ ਇਹਨਾਂ ਵੱਲੋਂ ਬਾਣੀ ਰਚਣ ਦਾ ਕੋਈ ਸੰਕੇਤ ਮਿਲਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਰਚਨਾ ਤਾਂ ਕੀਤੀ ਹੈ ਪਰ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ। ਆਦਿ ਗ੍ਰੰਥ ਵਿਚ ਕੇਵਲ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਇਸ ਲਈ ਇੱਥੇ ਕੇਵਲ ਇਹਨਾਂ ਹੀ ਗੁਰੂ ਕਵੀਆਂ ਦੇ ਨਿਜੀ ਜੀਵਨ ਵਿਚ ਕਵਿਤਾ ਤੇ ਸੰਗੀਤ ਦੇ ਮਹੱਤਵ ਬਾਰੇ ਵਿਚਾਰ ਕੀਤਾ ਜਾਵੇਗਾ।

**ਗੁਰੂ ਨਾਨਕ ਦੇਵ ਜੀ** :—ਗੁਰੂ ਨਾਨਕ ਦੇਵ ਜੀ ਬਾਣੀ ਦੀ ਰਚਨਾ ਕਰਨ ਵੇਲੇ ਆਪਣੇ ਰਚਨਾਤਮਕ ਅਮਲ ਤੋਂ ਸੁਚੇਤ ਸਨ। ਇਸੇ ਲਈ ਉਹਨਾਂ ਆਪਣੇ ਆਪ ਲਈ 'ਸਾਇਰ'[1] ਵਿਸ਼ੇਸ਼ਣ ਦਾ ਪ੍ਰਯੋਗ ਕੀਤਾ ਹੈ। ਉਹਨਾਂ ਨੂੰ ਆਪਣੇ

ਕਾਵਿ ਦੇ ਗਾਇਨ ਕੀਤੇ ਜਾਣ ਦਾ ਪੂਰਾ ਧਿਆਨ ਸੀ। ਇਸੇ ਲਈ ਖਾਸ ਕਰਕੇ ਵਾਰਾਂ ਵਿਚ ਉਹਨਾਂ ਨੇ ਆਪਣੇ ਆਪ ਨੂੰ 'ਢਾਢੀ'[2] ਕਿਹਾ ਹੈ। ਉਹਨਾਂ ਲਈ ਆਪਣੀ ਬਾਣੀ ਸਾਧਾਰਣ ਕਾਵਿ ਨਹੀਂ ਸੀ, ਉਹ ਇਸ ਨੂੰ 'ਖਸਮ ਕੀ ਬਾਣੀ' ਅਤੇ 'ਸੱਚ ਕੀ ਬਾਣੀ' ਕਹਿੰਦੇ ਸਨ।[3] ਜਿੱਥੇ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਕਾਵਿ ਅਤੇ ਸੰਗੀਤ ਦੇ ਸੰਬੰਧ ਬਾਰੇ ਸੁਚੇਤ ਸਨ, ਉਥੇ ਉਹਨਾਂ ਦੇ ਜੀਵਨ ਬਾਰੇ ਲਿਖਣ ਵਾਲੇ ਵਿਦਵਾਨਾਂ ਨੇ ਸਿੱਧੇ ਤੌਰ ਤੇ ਗੁਰੂ ਸਾਹਿਬ ਦੇ ਕਾਵਿ ਅਤੇ ਸੰਗੀਤ ਦੇ ਗਿਆਨ ਬਾਰੇ ਚਰਚਾ ਨਹੀਂ ਕੀਤੀ। ਕਿਧਰੇ ਕਿਧਰੇ ਉਹਨਾਂ ਦੇ ਜੀਵਨ ਤੇ ਉਪਦੇਸ਼ਾਂ ਦਾ ਵਰਣਨ ਕਰਦਿਆਂ ਕਾਵਿ-ਗਿਆਨ ਅਤੇ ਸੰਗੀਤ-ਸੁਚੇਤਨਾ ਦਾ ਵਰਣਨ ਵੀ ਹੋ ਗਿਆ ਹੈ, ਜਿਵੇਂ ਜਨਮ ਸਾਖੀਆਂ ਅਤੇ ਹੋਰ ਇਤਿਹਾਸ ਪੁਸਤਕਾਂ ਵਿਚ। ਇਹਨਾਂ ਪੁਸਤਕਾਂ ਤੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਨਿਜੀ ਜੀਵਨ ਵਿਚ ਕਵਿਤਾ ਅਤੇ ਸੰਗੀਤ ਦਾ ਜੋ ਮਹੱਤਵ ਸੀ, ਉਸ ਨੂੰ ਜਾਣ ਸਕਦੇ ਹਾਂ।

ਗੁਰੂ ਨਾਨਕ ਦੇਵ ਜੀ ਬਾਰੇ ਆਮ ਪ੍ਰਚਲਿਤ ਹੈ ਕਿ ਉਹ ਬਚਪਨ ਵਿਚ ਹੀ ਰਾਗ ਬੱਧ ਬਾਣੀ ਉਚਾਰਨ ਲੱਗ ਪਏ ਸਨ। ਸਾਖੀਕਾਰ ਨੇ ਆਸਾ ਰਾਗ ਵਿਚ ਪੱਟੀ[4] ਦਾ ਉਚਾਰਨ ਗੁਰੂ ਨਾਨਕ ਦੇਵ ਜੀ ਦੇ ਬਚਪਨ ਨਾਲ ਸੰਬੰਧਤ ਕੀਤਾ ਹੈ। ਆਪਣੇ ਜਨਮ ਸਥਾਨ ਤਲਵੰਡੀ ਵਿਚ ਰਹਿੰਦਿਆਂ ਹੀ ਗੁਰੂ ਨਾਨਕ ਦੇਵ ਜੀ ਦਾ ਮੇਲ ਭਾਈ ਮਰਦਾਨੇ ਨਾਲ ਹੋਇਆ। ਮਰਦਾਨਾ ਆਪਣੇ ਸਮੇਂ ਦਾ ਮਹਾਨ ਸੰਗੀਤਕਾਰ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ "ਸੰਸਾਰ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਸੁਆਮੀ ਹਰਿਦਾਸ ਮਰਦਾਨਾ[5] ਜੀ ਦੇ ਹੀ ਸ਼ਾਗਿਰਦ ਸਨ।"[6] ਭਾਈ ਮਰਦਾਨੇ ਨਾਲ ਗੁਰੂ ਨਾਨਕ ਦੇਵ ਜੀ ਦੀ ਡੂੰਘੀ ਸਾਂਝ ਦਾ ਸਭ ਤੋਂ ਵੱਡਾ ਕਾਰਨ ਸੰਗੀਤ ਸੀ। ਮਰਦਾਨਾ ਰਬਾਬ ਵਜਾਉਣ ਵਿਚ ਪ੍ਰਬੀਨ ਸੀ।[7]

ਗੁਰੂ ਨਾਨਕ ਦੇਵ ਜੀ ਜਦੋਂ ਤਲਵੰਡੀ ਤੋਂ ਸੁਲਤਾਨ ਪੁਰ ਆ ਗਏ ਤਾਂ ਉਥੇ ਮੋਦੀਖਾਨੇ ਵਿਚ ਨੌਕਰੀ ਕਰਦਿਆਂ ਹੋਇਆਂ ਵੀ ਬਾਣੀ ਅਤੇ ਸੰਗੀਤ ਦੇ ਸੰਗਮ ਕੀਰਤਨ ਪ੍ਰਵਾਹ ਨੂੰ ਜਾਰੀ ਰੱਖਿਆ। ਜਨਮ ਸਾਖੀ ਵਿਚ ਲਿਖਿਆ ਹੈ, ਜੋ ਕਿਛ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੇ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾਪ੍ਰਤੀ ਰਾਤ ਕਉ ਕੀਰਤਨ ਹੋਵੇ।[8]

ਜਨਮ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਬਾਣੀ ਉਚਾਰਦੇ ਪਹਿਲਾਂ ਮਰਦਾਨੇ ਨੂੰ ਰਬਾਬ ਵਜਾਉਣ ਦਾ ਹੁਕਮ ਦਿੰਦੇ ਸਨ, ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ।[9] ਇੰਜ ਗੁਰੂ ਨਾਨਕ ਦੇਵ ਜੀ ਕਾਵਿ ਸਿਰਜਣ ਦੇ ਆਰੰਭ ਤੋਂ ਹੀ ਸੰਗੀਤ ਤੇ ਕਾਵਿ ਨੂੰ ਇਕ ਦੂਜੇ ਦੇ ਸੰਗੀ-ਸਾਥੀ ਸਮਝਦੇ ਸਨ।

ਗੁਰ-ਇਤਿਹਾਸ ਵਿਚ ਕੁਝ ਅਜਿਹੇ ਹਵਾਲੇ ਵੀ ਮਿਲਦੇ ਹਨ ਜਿਹਨਾਂ ਤੋਂ ਇਹ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਗੁਰੂ ਨਾਨਕ ਆਪਣੀ ਬਾਣੀ ਨੂੰ ਜਿਸ

ਰਾਗ ਵਿਚ ਗਾਉਂਦੇ ਸਨ ਉਸ ਦੇ ਗਾਇਨ ਸਮੇਂ ਬਾਰੇ ਵੀ ਸੁਚੇਤ ਸਨ। ਉਹਨਾਂ ਨੇ ਕਈ ਰਾਗਾਂ ਵਿਚ ਰਾਗਾਂ ਦੇ ਸਮੇਂ ਅਨੁਸਾਰ ਹੀ ਕਾਵਿ ਰਚਨਾ ਕੀਤੀ।

ਬਿਲਾਵਲ[10] ਅਤੇ ਗੁਜਰੀ[11] ਰਾਗਾਂ ਵਿਚ ਸਵੇਰੇ, ਤਿਲੰਗ[12] ਅਤੇ ਧਨਾਸਰੀ[1] ਰਾਗਾਂ ਵਿਚ ਸ਼ਾਮ ਨੂੰ ਆਸਾ ਰਾਗ ਵਿਚ ਸਵੇਰੇ ਅਤੇ ਸ਼ਾਮ ਨੂੰ[14] ਅਤੇ ਸੋਰਠਿ[15] ਰਾਗ ਵਿਚ ਰਾਤ ਨੂੰ ਬਾਣੀ ਦਾ ਗਾਇਨ ਕੀਤਾ ਦੱਸਿਆ ਜਾਂਦਾ ਹੈ।

ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਆਪਣਾ ਨਿਵਾਸ ਕਰਤਾਰ ਪੁਰ ਵਿਖੇ ਕਰ ਲਿਆ। ਇਥੇ ਵੀ ਉਹਨਾਂ ਸਵੇਰੇ ਸ਼ਾਮ ਕੀਰਤਨ ਕਰਨ ਦੀ ਪ੍ਰਥਾ ਜਾਰੀ ਰੱਖੀ।[16] ਇਸ ਸਮੇਂ ਤੱਕ ਕੀਰਤਨ ਕਰਨ ਵਿਚ ਕਈ ਸਿੱਖ ਵੀ ਪ੍ਰਬੀਨ ਹੋ ਗਏ ਸਨ। ਭਾਈ ਗੁਰਦਾਸ ਜੀ ਨੇ ਭਗੀਰਥ ਨਾਂ ਦੇ ਸਿੱਖ ਨੂੰ ਗੁਣ ਗਾਇਣ ਕਰਨ ਵਾਲਾ ਦੱਸ ਕੇ ਉਸ ਦੀ ਵਡਿਆਈ ਕੀਤੀ ਹੈ।[17] ਭਗਤ ਮਾਲਾ ਵਿਚ ਮਾਲੋ ਅਤੇ ਸੀਹਾਂ ਨਾਮੀ ਸਿੱਖਾਂ ਨੂੰ ਉਪਦੇਸ਼ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਸਭ ਤੋਂ ਵੱਧ ਲਾਭਕਾਰੀ ਵਸਤੂ ਦੱਸਿਆ ਹੈ।[18] ਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੀ ਮਹਾਨਤਾ ਨੂੰ ਸਮਝਦਿਆਂ ਆਪਣੇ ਤੋਂ ਬਾਅਦ ਵੀ ਇਸ ਪ੍ਰਥਾ ਨੂੰ ਜਾਰੀ ਰੱਖਣ ਦੇ ਪ੍ਰਬੰਧ ਕੀਤੇ। ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦੇਣ ਵੇਲੇ ਜਿੱਥੇ ਬਾਣੀ ਦੀਆਂ ਪੋਥੀਆਂ ਉਹਨਾਂ ਨੂੰ ਦਿੱਤੀਆਂ, ਉਥੇ ਬਾਣੀ ਗਾਇਣ ਕਰਨ ਵਾਸਤੇ ਬਲਵੰਡ ਰਬਾਬੀ ਨੂੰ ਵੀ ਉਹਨਾਂ ਨਾਲ ਭੇਜਿਆ।[19] ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਵਿਚ ਕਵਿਤਾ ਅਤੇ ਸੰਗੀਤ ਦਾ ਵਿਸ਼ੇਸ਼ ਸਥਾਨ ਦ੍ਰਿਸ਼ਟੀਗੋਚਰ ਹੁੰਦਾ ਹੈ।

**ਗੁਰੂ ਅੰਗਦ ਦੇਵ ਜੀ** :—ਗੁਰੂ ਨਾਨਕ ਦੇਵ ਜੀ ਨੂੰ ਮਿਲਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਦੇ ਜੀਵਨ ਬਾਰੇ ਬਹੁਤ ਘੱਟ ਵੇਰਵਾ ਮਿਲਦਾ ਹੈ। ਇਹ ਹੀ ਪਤਾ ਲੱਗਦਾ ਹੈ ਕਿ ਉਹਨਾਂ ਦੇ ਪਿਤਾ ਵੈਸ਼ਣਵ ਭਗਤ ਸਨ ਅਤੇ ਹਰ ਸਾਲ ਵੈਸ਼ਨੋ ਦੇਵੀ ਦੀ ਯਾਤਰਾ ਕਰਨ ਜਾਂਦੇ ਸਨ। ਗੁਰੂ ਅੰਗਦ ਜਿਹਨਾਂ ਦਾ ਪਹਿਲਾ ਨਾਂ 'ਲਹਿਣਾ' ਸੀ, ਵੀ ਇਸੇ ਪ੍ਰਭਾਵ ਸਦਕਾ ਵੈਸ਼ਨੋ ਦੇਵੀ ਦੇ ਪੁਜਾਰੀ ਬਣ ਗਏ। ਵੈਸ਼ਣਵ ਮਤ ਵਿਚ ਕੀਰਤਨ ਦੀ ਬੜੀ ਮਹੱਤਤਾ ਹੈ। ਇਸ ਲਈ ਹੋ ਸਕਦਾ ਹੈ 'ਲਹਿਣਾ' ਜੀ ਵੀ ਸੰਗੀਤ ਦਾ ਗਿਆਨ ਰੱਖਦੇ ਹੋਣ, ਪਰ ਇਸ ਬਾਰੇ ਕੋਈ ਪ੍ਰਮਾਣ ਪ੍ਰਾਪਤ ਨਹੀਂ ਹੈ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਆਪ ਵਿਚ ਕਾਵਿ ਅਤੇ ਸੰਗੀਤ ਦੇ ਆਨੰਦ ਨੂੰ ਮਾਣਨ ਦੀ ਰੁਚੀ ਬੜੀ ਪ੍ਰਬਲ ਸੀ। ਇਸ ਬਾਰੇ ਇਥੇ ਇਕ ਪ੍ਰਸੰਗ ਦਾ ਹਵਾਲਾ ਦੇਣਾ ਜ਼ਰੂਰੀ ਹੋਵੇਗਾ, "ਇਕ ਜੋਧਾ ਨਾਮੀ ਜੱਟ ਬਾਬੇ ਨਾਨਕ ਦਾ ਉਪਦੇਸ਼ੀ ਖੰਡੂਰ ਵਿਚ ਵਸਦਾ ਸੀ। ਅੰਮ੍ਰਿਤ ਵੇਲੇ ਅਸ਼ਨਾਨ ਕਰ ਆਸਾ ਦੀ ਵਾਰ ਦਾ ਉਚਾਰਣ ਡਾਢੀ ਮਿੱਠੀ ਸੁਰ ਵਿਚ ਕਰਦਾ ਸੀ। ਲਹਿਣੇ ਦਾ ਘਰ ਨੇੜੇ ਸੀ, ਹਮੇਸ਼ਾਂ ਸੁਣਦਿਆਂ ਸੁਣਦਿਆਂ ਇਹਨਾਂ ਨੂੰ

ਪੂਰਬ ਲੇ ਸੰਸਕਾਰਾਂ ਦੇ ਸਬੱਬ ਪ੍ਰੇਮ ਜਾਗ ਪਿਆ, ਇਕ ਦਿਨ "ਭਿੰਨੀ ਰੈਨੜੀਏ ਚਮਕਨ ਤਾਰੇ ।। ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ।" ਇਹ ਸ਼ਬਦ ਉਨ ਗਾਂਵਿਆਂ ਤਾਂ ਠੰਡੀ ਨਿਰਮਲ ਪੌਣ ਤੇ ਸ਼ਾਂਤਿ ਸਰੂਪ ਅੰਮ੍ਰਿਤ ਵੇਲੇ ਦੀ ਮਿੱਠੀ ਪਯਾਰੀ ਸੁਰੀਲੀ ਆਵਾਜ਼ ਲਹਿਣਾ ਜੀ ਦੇ ਮਨ ਵਿਚ ਅਜਿਹੀ ਵੱਸ ਗਈ ਜੋ ਆਪਣੇ ਘਰੋਂ ਉੱਠ ਕੇ ਭਾਈ ਜੋਧੇ ਪਾਸ ਜਾ ਬੈਠਾ ਤਾਂ ਓਨ ਏਹ ਪੌੜੀ ਪੜ੍ਹੀ 'ਜਿਤ ਸੇਵੀਐ ਸੁਖ ਪਾਈਐ ਸੋ ਸਾਹਿਬ ਸਦਾ ਸਮਾਲੀਐ ।। ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ।' ਇਹ ਸੁਣ ਕੇ ਹੋਰ ਭੀ ਜਿੰਦ ਵਿਚ ਜਿੰਦ ਪੈ ਗਈ, ਅਜੇਹਾ ਸ਼ੌਕ ਲੱਗਾ ਜੋ ਹਮੇਸ਼ਾਂ ਅੰਮ੍ਰਿਤ ਭਰੀ ਧੁਰ ਕੀ ਬਾਣੀ ਸੁਣ ਸੁਣ ਗੁਰੂ ਨਾਨਕ ਜੀ ਦੇ ਦਰਸ਼ਨ ਦੀ ਉਤਕੰਠਾ ਹੋ ਗਈ ।[20]

ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋ ਜਾਣ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਕੋਈ ਕਾਵਿ-ਰਚਨਾ ਨਹੀਂ ਕੀਤੀ। ਗੁਰਗੱਦੀ ਸੰਭਾਲਣ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੇ ਆਪ ਨੇ ਜੋ ਸਲੋਕ ਰਚਿਆ ਉਹ ਕਾਵਿ ਕਲਾ ਦਾ ਸੁੰਦਰ ਨਮੂਨਾ ਹੈ ।[21]

ਜਿਸੁ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ ।
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ।।[22]

ਆਪ ਜੀ ਦੀ ਬਾਕੀ ਕਾਵਿ ਰਚਨਾ ਬਾਰੇ ਜਿੱਥੇ ਇਹ ਹਵਾਲੇ ਮਿਲਦੇ ਹਨ ਕਿ ਇਹ ਵੱਖ ਵੱਖ ਗਿਆਨ ਗੋਸ਼ਟਾਂ ਵਿਚ ਅਤੇ ਉਪਦੇਸ਼ ਦਿੰਦਿਆਂ ਉਚਾਰੀ ਗਈ, ਉਥੇ ਇਹਨਾਂ ਰਚਨਾਵਾਂ ਵਿਚ ਰਾਗ ਦਾ ਸੰਕੇਤ ਪ੍ਰਾਪਤ ਨਹੀਂ ਹੁੰਦਾ। ਗੁਰੂ ਅੰਗਦ ਦੇਵ ਜੀ ਦੀ ਸਾਰੀ ਕਾਵਿ ਰਚਨਾ ਸਲੋਕਾਂ ਵਿਚ ਹੈ ਅਤੇ ਇਹ ਸਾਰੀ ਦੀ ਸਾਰੀ ਵੱਖ ਵੱਖ ਗੁਰੂ ਸਾਹਿਬਾਨ ਰਾਹੀਂ ਰਚੀਆਂ ਵਾਰਾਂ ਵਿਚ ਦਰਜ ਕੀਤੀ ਗਈ ਹੈ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੇ ਨਿਜੀ ਜੀਵਨ ਵਿਚ ਕਵਿਤਾ ਅਤੇ ਸੰਗੀਤ ਦੇ ਸੰਬੰਧ ਬਾਰੇ ਬਹੁਤ ਘੱਟ ਹਵਾਲੇ ਮਿਲਦੇ ਹਨ।

ਨੋਟ ਤੇ ਹਵਾਲੇ

1. ਨਾਨਕ ਸਾਇਰ ਏਵ ਕਹਤੁ ਹੈ ਸਚੇ ਪਰਵਦਗਾਰ, ਆਦਿ ਗ੍ਰੰਥ ਪੰਨਾ 660
2. ਹਉ ਢਾਢੀ ਵੇਕਾਰ ਕਾਰੈ ਲਾਇਆ ।
   ਢਾਢੀ ਸਚੈ ਮਹਿਲ ਖਸਮਿ ਬੁਲਾਇਆ ।
   ਢਾਢੀ ਕਰੇ ਪਸਾਉ ਸਬਦ ਵਜਾਇਆ, ਆਦਿ ਗ੍ਰੰਥ ਪੰਨਾ 150
3. ਜੈਸੀ ਮੈ ਆਵੈ ਖਸਮ ਕੀ ਬਾਣੀ
   ਤੈਸੜਾ ਕਰੀ ਗਿਆਨ ਵੇ ਲਾਲੋ ।
   ਸਚੇ ਕੀ ਬਾਣੀ ਨਾਨਕ ਆਖੈ ।
   ਸਚੁ ਸੁਣਾਇਸੀ ਸਚ ਕੀ ਬੇਲਾ । ਆਦਿ ਗ੍ਰੰਥ, ਪੰਨਾ 722
4. ਪੁਰਾਤਨ ਜਨਮਸਾਖੀ, ਪੰਨਾ 1★



ਅਕਤੂਬਰ 10, 11, 12, ਅਤੇ 13, 1991 ਨੂੰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਉਣ ਵਾਲੇ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਲੁਧਿਆਣਾ


★ 5. ਸਤਿਬੀਰ ਸਿੰਘ, ਪੁਰਾਤਨ ਇਤਿਹਾਸਕ ਜੀਵਨੀਆਂ ਪੰਨਾ 5

6. ਭਲਾ ਰਬਾਬ ਵਜਾਇਦਾ ਮਜਲਸ ਮਰਦਾਨਾ ਮੀਰਾਸੀ। ਵਾਰਾਂ ਭਾਈ ਗੁਰਦਾਸ, ਵਾਰ 11 ਪਉੜੀ 13

7. ਪੁਰਾਤਨ ਜਨਮਸਾਖੀ, ਪੰਨਾ 16

8. ਪੁਰਾਤਨ ਜਨਮਸਾਖੀ, ਪੰਨਾ 11, 12, 13, 14 ਆਦਿ।

9. ਭਾਈ ਵੀਰ ਸਿੰਘ ਰਚਨਾਵਲੀ (ਭਾਗ 4) ਪੰਨਾ 78

10. ਉਹੀ, ਪੰਨਾ 182

11. ਪੁਰਾਤਨ ਜਨਮਸਾਖੀ, ਪੰਨਾ 129

12. ਪ੍ਰੋ. ਪੂਰਨ ਸਿੰਘ, ਦਸ ਗੁਰ ਦਰਸ਼ਨ, ਪੰਨਾ 23-24

13. ਭਾਈ ਵੀਰ ਸਿੰਘ ਰਚਨਾਵਲੀ (ਭਾਗ 4) ਪੰਨਾ 325।

14. ਪੁਰਾਤਨ ਜਨਮਸਾਖੀ, ਪੰਨਾ 22

15. ਭਾਈ ਵੀਰ ਸਿੰਘ ਰਚਨਾਵਲੀ (ਭਾਗ 4) ਪੰਨਾ 182

16. ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ, ਵਾਰਾਂ ਭਾਈ ਗੁਰਦਾਸ, ਵਾਰ 1 ਪਉੜੀ 38

17. ਮੇਲ ਸੀਹਾਂ ਵਿਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ, ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 14

18. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 36.

19. ਬਲਵੰਡ ਰਬਾਬੀ ਤੁਮ ਮੰਗ ਜਾਵੇ।
ਸਮੇਂ ਸਮੇਂ ਹਰਿ ਕੀਰਤਨ ਗਾਵੇ।
ਸਰੂਪ ਦਾਸ ਭਲਾ, ਮਹਿਮਾ ਪ੍ਰਕਾਸ਼, ਛੰਤ 165

20. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 286

21. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 38

22. ਆਦਿ ਗ੍ਰੰਥ, ਪੰਨਾ 83


(ਚਲਦਾ)

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ

ਸੰਪੂਰਨ ਬ੍ਰਹਮੰਡ ਨਾਦਮਈ ਹੈ । ਨਾਦ ਸਰਬ ਵਿਆਪੀ ਹੈ। ਇਸੇ ਲਈ ਪੁਰਾਤਨ ਰਿਸ਼ੀਆਂ ਨੇ ਨਾਦ ਨੂੰ ਬ੍ਰਹਮ ਆਖਿਆ ਹੈ । ਨਾਦ ਅਤੇ ਲੈ ਸੰਗੀਤ ਵਿਦਿਆ ਦੇ ਪ੍ਰਾਣ ਹਨ। ਨਾਦ ਅਤੇ ਈਸ਼ਵਰ ਦਾ ਆਪਸ ਵਿਚ ਐਸਾ ਸਨੇਹ ਹੈ ਕਿ ਕਈ ਵੇਰ ਸੰਗੀਤ ਨੂੰ ਈਸ਼ਵਰ ਪ੍ਰਾਪਤੀ ਦਾ ਇਕ ਮੁੱਖ ਸਾਧਨ ਮੰਨਿਆ ਜਾਂਦਾ ਹੈ। ਮਹਾਂਪੁਰਸ਼ਾਂ ਨੇ ਸੰਗੀਤ ਨੂੰ ਕੇਵਲ ਮਨੋਰੰਜਨ ਦਾ ਸਾਧਨ ਨਾ ਮੰਨ ਕੇ ਪ੍ਰਭੂ ਭਗਤੀ ਦੀ ਤਰਫ਼ ਸੰਗੀਤ ਦੀ ਧਾਰਾ ਮੋੜੀ ਤੇ ਹਰੀ ਕੀਰਤਨ ਦੀ ਨੀਂਹ ਰੱਖੀ।

ਸਿੱਖ ਧਰਮ ਵਿਚ ਕੀਰਤਨ ਨੂੰ ਬਹੁਤ ਉੱਚ ਅਸਥਾਨ ਪ੍ਰਾਪਤ ਹੈ। ਇਸ ਨੂੰ 'ਨਿਰਮੋਲਕ ਹੀਰਾ' ਆਖਿਆ ਅਤੇ 'ਕਲਿਜੁਗ ਮਹਿ ਕੀਰਤਨ ਪਰਧਾਨਾ' ਮੰਨਿਆ ਗਿਆ ਹੈ। ਜਿਸ ਥਾਂ ਕੀਰਤਨ ਹੁੰਦਾ ਹੈ ਉਹ ਥਾਂ ਬੜਾ ਹੀ ਉੱਚਾ ਸੁੱਚਾ ਹੈ, ਸੁਹਾਣਾ ਹੈ, ਸੁਰੰਗੜਾ ਹੈ, 'ਤਹਾਂ ਬੈਕੁੰਠ ਜਹ ਕੀਰਤਨ ਤੇਰਾ' ਕੀਰਤਨ ਮੁਕਤੀ ਦਾ ਸਾਧਨ ਹੈ 'ਕਰਿ ਕੀਰਤਨ ਹੋਇ ਉਧਾਰੁ। ਸੁਰ ਅਤੇ ਲੈਅ ਨਾਲ ਇਕਾਗਰਤਾ ਬਹੁਤ ਛੇਤੀ ਸੰਭਵ ਹੈ।

ਕੀਰਤਨ ਕਰਨ ਤੇ ਸੁਣਨ ਨਾਲ ਅਵਿਦਿਆ ਨੀਂਦਰ ਵਿਚ ਸੁੱਤਾ ਮਨ ਜਾਗ ਪੈਂਦਾ ਹੈ। ਦੁਖ, ਕਲੇਸ਼ ਤੇ ਰੋਗ ਮਿਟ ਜਾਂਦੇ ਹਨ ਛਾਤੀ ਸੀਤਲ ਤੇ ਮਨ ਸੁਖੀ ਹੋ ਜਾਂਦਾ ਹੈ। ਪਾਪਾਂ ਦੀ ਮੈਲ ਕੱਟੀ ਜਾਂਦੀ ਹੈ ਤੇ ਨਿਰੰਕਾਰ ਵਿਚ ਲਿਵ ਲੱਗ ਜਾਂਦੀ ਹੈ। ਜਦੋਂ ਇਕ ਵੇਰ ਭਾਈ ਝਾਲੂ, ਭਾਈ ਮੁਕੰਦ ਤੇ ਭਾਈ ਕਿਦਾਰਾ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਸਾਡਾ ਉਧਾਰ ਕਿਵੇਂ ਹੋਵੇ ਤਾਂ ਮਹਾਰਾਜ ਨੇ ਫੁਰਮਾਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਜੁਗ ਵਿਚ ਕੀਰਤਨ ਦੇ ਸਮਾਨ ਕੋਈ ਹੋਰ ਜੋਗ ਤਪ ਨਹੀਂ ਏਹੋ ਸਾਂਤਕ ਸਾਧਨ ਹੈ ਤੁਸੀਂ ਕੀਰਤਨ ਕੀਤਾ ਕਰੋ ।

ਵਿਸ਼ਵ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇਕ ਐਸਾ ਗ੍ਰੰਥ ਹੈ ਜਿਸ ਦੀ ਸਮੁੱਚੀ ਬਾਣੀ ਰਾਗਾਤਮਕ ਹੈ ਭਾਵ ਸਮੁੱਚੀ ਬਾਣੀ ਸੰਗੀਤਾਮਕ ਹੈ। ਸਿੱਖ ਧਰਮ ਵਿਚ ਗੁਰਬਾਣੀ ਦੇ ਕੀਰਤਨ ਨੂੰ ਜੋ ਮਹੱਤਤਾ ਪ੍ਰਦਾਨ ਹੈ ਉਹ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਸਿਖ ਇਤਿਹਾਸ ਅਨੁਸਾਰ ਗੁਰਬਾਣੀ ਦੇ ਪ੍ਰਥਮ, ਪ੍ਰਮੁੱਖ ਸਰਵ ਸ੍ਰੇਸ਼ਟ ਤੇ ਪਵਿੱਤਰ ਕਵੀ ਤਥਾ ਕੀਰਤਨੀਏ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ।

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਦੀ ਆਵਾਜ਼ ਨੂੰ ਜਨ ਸਾਧਾਰਨ ਤਕ ਪਹੁੰਚਾਣ ਲਈ ਕੀਰਤਨ ਨੂੰ ਸਾਧਨ ਬਣਾਇਆ। ਕੀਰਤਨ ਦਾ ਸਾਥ

ਭਾਈ ਮਰਦਾਨੇ ਨੇ ਦਿਤਾ। ਭਾਈ ਮਰਦਾਨੇ ਨੂੰ ਰਾਗਾਂ ਦੀ ਭਲੀ ਸੋਝੀ ਸੀ। ਗੁਰੂ ਨਾਨਕ ਪਾਤਸ਼ਾਹ ਨੇ ਭਾਈ ਮਰਦਾਨੇ ਦੀ ਰਬਾਬ ਵਜਦੀ ਸੁਣ ਆਖਿਆ ਸੀ, 'ਤੂੰ ਰਬਾਬ ਭਲੀ ਵਜਾਉਂਦਾ ਹੈਂ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਇਹ ਰਾਗ ਸ਼ਬਦ ਪਾਇ ਕੇ ਗਾਵੇਂ ਤਾਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ।' ਭਾਈ ਮਰਦਾਨਾ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਕਮਾਉਂਦਾ ਸੀ ਪਰ ਸ੍ਰੀ ਗੁਰੂ ਜੀ ਦੇ ਇਹ ਕਹਿਣ ਤੇ ਕਿ ਜੇ ਤੂੰ ਹੁਣ ਮਰਦਾਨਾ (ਸੂਰਮਾ) ਹੋਵੇਂ, ਸ਼ਬਦ ਪਾਇ ਕੇ ਰਾਗ ਨੂੰ ਗਾਵੇਂ ਤੇ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵੇਗਾ।' ਦਾਨਾ (ਭਾਈ ਮਰਦਾਨੇ ਦਾ ਪਹਿਲਾ ਨਾਮ) ਮਰਦਾਨਾ ਬਣ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਗੁਰੂ ਨਾਨਕ ਜੀ ਨਾਲ ਹੋ ਤੁਰਿਆ। ਸ੍ਰੀ ਗੁਰੂ ਜੀ ਨੇ ਰਬਾਬ ਭਾਈ ਫਿਰੰਦੇ ਕੋਲੋਂ ਲੈ ਦਿੱਤੀ ਤੇ ਕੀਰਤਨ ਨੇ ਜਨਮ ਲਿਆ। ਬਾਬੇ ਦਾ ਸ਼ਬਦ ਤੇ ਮਰਦਾਨੇ ਦੀ ਰਬਾਬ ਇਤਨੇ ਇਕ ਸੁਰ ਹੋਏ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੀ ਪਵਿਤਰ ਬਾਣੀ ਯਾਦ ਆਉਂਦੀ ਹੈ, ਗੁਰੂ ਜੀ ਦਾ ਸ਼ਾਂਤਮਈ ਸਰੂਪ ਸਾਹਮਣੇ ਆਉਂਦਾ ਹੈ ਤੇ ਨਾਲ ਹੀ ਭਾਈ ਮਰਦਾਨਾ ਆਪਣੇ ਭੋਲੇਪਨ ਵਿਚ ਗੁਰੂ ਸਾਹਿਬ ਤੇ ਗਿਲੇ, ਉਲਾਂਭੇ ਕਢਦਾ, ਰੁਸਦਾ ਕੀਰਤਨ ਦੇ ਦਾਤੇ ਨਾਲ ਲਾਡ ਲਡਾਉਂਦਾ ਸਾਹਮਣੇ ਆ ਜਾਂਦਾ ਹੈ।

ਪਹਿਲੀ ਵੇਰ ਜਦੋਂ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਪਾ ਰਬਾਬ ਵਜਾਈ ਤਾਂ ਲਿਖਿਆ ਹੈ ਕਿ ਬਨ ਦੇ ਬ੍ਰਿਛਾਂ ਚੋਂ ਰਸ ਚੋਣ ਲਗ ਪਿਆ, ਪੰਛੀਆਂ ਨੂੰ ਪ੍ਰੇਮ ਦਾ ਉਛਾਲਾ ਆਇਆ ਤਾਨ ਸੁਣ ਕੇ ਸਭ ਮੋਹੇ ਗਏ, ਜੜ੍ਹ ਚੇਤਨ ਹੋ ਗਏ ਤੇ ਜਿਹੜੇ ਚੇਤਨ ਸਨ ਉਨ੍ਹਾਂ ਦੀ ਸਮਾਧੀ ਲੱਗ ਗਈ, ਅਤਿ ਕਠੋਰ ਹਿਰਦੇ ਵੀ ਕੋਮਲ ਬਣ ਗਏ ਤੇ ਸੱਜਣ ਠੱਗ ਵਰਗੇ ਦੇ ਮੈਲੇ ਮਨ ਦੀ ਸਾਰੀ ਮੈਲ ਧੋਤੀ ਗਈ, ਹਰੀ ਕੀਰਤਨ ਦੇ ਪ੍ਰਭਾਵ ਕਰਕੇ ਚੋਰ ਡਾਕੂ, ਧਾੜਵੀ, ਰਾਖਸ਼ ਬਿਰਤੀਆਂ ਵਾਲੇ ਇਨਸਾਨ ਤੇ ਜ਼ਾਲਮ ਹੁਕਮਰਾਨ ਸਹੀ ਅਰਥਾਂ ਵਿਚ ਇਨਸਾਨ ਬਣ ਗਏ। ਉਹ ਖ਼ਲਕਤੇ ਖੁਦਾ ਨੂੰ ਦੁੱਖ ਦੇਣ ਵਾਲੇ ਕਰਮਾਂ ਨੂੰ ਤਿਆਗ ਕੇ ਸੁਖ ਦੇਣ ਵਾਲੇ ਕਰਮਾਂ ਨੂੰ ਅਪਣਾ ਕੇ ਪ੍ਰਮੇਸ਼ਰ ਜੀ ਨਾਲ ਜੁੜ ਗਏ। ਮਰਦਾਨੇ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੂੰ ਬਲਵੰਡ ਦੀ ਸੌਂਪਣਾ ਕਰਦੇ ਹੋਇਆਂ ਬਾਬੇ ਨੇ ਕਿਹਾ ਸੀ 'ਇਸ ਨੂੰ ਇੰਝ ਰੱਖਣਾ ਜਿਵੇਂ ਬੱਤੀ ਦੰਦਾਂ ਵਿਚ ਜੀਭ ਹੁੰਦੀ ਹੈ।' ਸਿਖੀ ਵਿਚ ਕੀਰਤਨ ਪ੍ਰਧਾਨ ਹੋ ਗਿਆ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪ ਰਾਗਾਂ ਦੇ ਮਾਹਿਰ, ਸਿਰੰਦੇ ਨਾਲ ਕੀਰਤਨ ਕਰਦੇ ਰਹੇ। ਗੁਰੂ ਹਰਗੋਬਿੰਦ ਪਾਤਸ਼ਾਹ ਜੀ ਨੇ ਨਵਾਂ ਤੰਤੀ ਸਾਜ ਤਾਊਸ ਈਜ਼ਾਦ ਕੀਤਾ ਅਤੇ ਆਪ ਬਹੁਤ ਸੁੰਦਰ ਕੀਰਤਨ ਕਰਦੇ ਰਹੇ। ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ 235 ਰਾਗ ਤਾਨਪੂਰੇ ਨਾਲ ਗਾਏ। ਰਾਗਾਂ ਦੀ ਭਰਪੂਰ ਸੋਝੀ ਸ੍ਰੀ ਸਰਬ ਲੋਹ ਗ੍ਰੰਥ ਵਿਚ ਸਾਂਭੀ ਪਈ ਹੈ। ਗੁਰੂ ਮਹਾਰਾਜ ਆਪੂੰ ਕੀਰਤਨ ਕਰਦੇ ਅਤੇ ਵਡੇ ਰਾਗ ਦਰਬਾਰ ਅਤੇ ਕਵੀ ਦਰਬਾਰ ਕਰਵਾਉਂਦੇ।

ਜੰਗਾਂ ਜੁੱਧਾਂ ਵਿਚ ਅੰਮ੍ਰਿਤ ਵੇਲੇ ਅਤੇ ਸੋਦਰ ਦੇ ਦੀਵਾਨ ਲਗਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਸਿਖ ਸੰਗਤਾਂ ਰਬਾਬੀਆਂ ਤੋਂ ਛੁਟ ਆਪ ਵੀ ਕੀਰਤਨ ਕਰਨ ਲਗ ਪਈਆਂ ਸਨ। ਕਈ ਗੁਰਸਿਖ ਬੜੇ ਕਮਾਲ ਦੇ ਕੀਰਤਨੀਏ ਹੋਏ ਹਨ--ਉਨ੍ਹਾਂ ਵਿਚੋਂ ਭਾਈ ਸਾਂਈ ਦਿੱਤਾ ਜੀ, ਭਾਈ ਦੇਸਾ ਰਬਾਬੀ, ਭਾਈ ਤਾਬਾ ਜੀ, ਭਾਈ ਸੰਤੂ ਜੀ, ਭਾਈ ਸੁੰਦਰ ਜੀ, ਭਾਈ ਸ਼ੇਰ ਸਿੰਘ, ਭਾਈ ਮੁਖਤਾਰ ਰਬਾਬੀ, ਭਾਈ ਮਨਸਾ ਸਿੰਘ ਜੀ ਮੌਜੂਦਾ, ਸਮੇਂ ਵਿਚ ਬਾਬਾ ਜਵਾਲਾ ਸਿੰਘ ਜੀ, ਭਾਈ ਸਮੁੰਦ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ ਆਦਿ ਰਾਗੀ ਸਿੰਘਾਂ ਨੇ ਗੁਰੂ ਘਰ ਦੀ ਸੰਗੀਤ ਪੱਦਤੀ ਨੂੰ ਬੜੀ ਖੂਬਸੂਰਤੀ ਨਾਲ ਸੰਗਤਾਂ ਵਿਚ ਪੇਸ਼ ਕੀਤਾ ਹੈ।

ਪਿਛਲੇ 50-60 ਸਾਲਾਂ ਤੋਂ ਨਵੇਂ ਢੰਗਾਂ ਦੇ ਸਾਜਾਂ ਅਤੇ ਪੱਛਮੀ ਸੰਗੀਤ ਦੇ ਪ੍ਰਭਾਵ ਨੇ ਸ਼ਬਦ ਕੀਰਤਨ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ। ਰਬਾਬ ਸਿਰੰਦਾ, ਦਿਲਰੁਬਾ ਆਦਿ ਤੰਤੀ ਸਾਜ਼ਾ ਦਾ ਹਰਮੋਨੀਅਮ ਨੇ ਕੀਰਤਨ ਦੇ ਖੇਤਰ ਵਿਚੋਂ ਹੂੰਝਾਂ ਫੇਰ ਕੇ ਰੱਖ ਦਿੱਤਾ ਹੈ! ਪੁਰਾਣੇ ਸਾਜਾਂ ਦੇ ਸਿਖਣ ਲਈ ਨਾ ਰੁਚੀ ਹੈ ਨਾ ਹੀ ਸਮਾਂ ਤੇ ਸਬਰ। ਗੁਰਬਾਣੀ ਦਾ ਡੂੰਘਾ ਅਭਿਆਸ ਅਤੇ ਸੰਗੀਤ ਦੀ ਸੂਝ ਨਾ ਬਰਾਬਰ ਹੋ ਗਈ ਹੈ। ਪੁਰਾਤਨ ਗੁਰਮਤਿ ਸੰਗੀਤ ਦੀ ਪੱਦਤੀ ਵਾਲਾ ਭਾਵ ਪ੍ਰਧਾਨ ਕੀਰਤਨ ਕਦੇ ਕਿਸੇ ਵਿਰਲੇ ਰਾਗੀ ਤੋਂ ਸੁਣਨ ਵਿਚ ਆਉਂਦਾ ਹੈ। ਸੰਗਤਾਂ ਅਤੇ ਰਾਗੀ ਸਿੰਘਾਂ ਦੋਹਾਂ ਵੱਲੋਂ ਹੀ ਗੁਰਬਾਣੀ ਦਾ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਸੁਣਨ ਦਾ ਸ਼ੌਕ ਬਹੁਤ ਹੀ ਘਟ ਗਿਆ ਹੈ। ਪੁਰਾਤਨ ਰਾਗੀ ਸਿੰਘ ਜਦੋਂ ਸੀਨੇ ਦੇ ਜ਼ੋਰ ਨਾਲ ਗੁਰਬਾਣੀ ਗਾਉਂਦੇ ਸਨ ਤਾਂ ਸਮਾਂ ਬੰਨ੍ਹ ਦੇਂਦੇ ਸਨ। ਪਰ ਅਜ ਸਤਿਗੁਰਾਂ ਦੁਆਰਾ ਦਰਸਾਈ ਗੁਰਮਤਿ ਸੰਗੀਤ ਪੱਧਤੀ ਅੱਖੋਂ ਪਰੋਖੇ ਕੀਤੀ ਜਾ ਰਹੀ ਹੈ, ਸੱਚ ਤਾਂ ਇਹ ਹੈ ਕਿ ਤਕਰੀਬਨ ਅਲੋਪ ਹੀ ਹੁੰਦੀ ਜਾ ਰਹੀ ਹੈ।

ਉਦਾਰ ਮੂਰਤੀ, ਨਿਰਛੱਲ, ਹਸਮੁੱਖ, ਮਹਾਨ ਪਰਉਪਕਾਰੀ ਸ੍ਰੀ ਸੰਤ ਬਾਬਾ ਸੁੱਚਾ ਸਿੰਘ ਜੀ ਜਿਥੇ ਸੇਵਾ ਸਿਮਰਨ ਦੇ ਮੁਜੱਸਮਾ ਹਨ ਉਥੇ ਕੀਰਤਨ ਦੇ ਵੀ ਆਸ਼ਕ ਹਨ। ਆਪ ਕੀਰਤਨ ਨਹੀਂ ਕਰਦੇ। ਪਰ ਜਿਸ ਬਾਰੀਕੀ ਨਾਲ ਰਾਗੀ ਸਿੰਘਾਂ ਦੇ ਸਾਹਮਣੇ ਬੈਠ ਕੇ ਕੀਰਤਨ ਸੁਣਦੇ ਤੇ ਵੀਚਾਰਾਂ ਕਰਦੇ ਹਨ ਉਹ ਹੈਰਾਨ ਕਰ ਦੇਣ ਵਾਲੀਆਂ ਹਨ। ਉਹ ਬਚਨ ਕਰਦੇ ਹਨ ਕਿ ਗੁਰਬਾਣੀ ਧੁਰ ਦਰਗਾਹ ਤੋਂ ਆਈ ਹੈ ਤੇ ਉਥੇ ਲੈ ਜਾਣ ਵਿਚ ਪੂਰਨ ਸਮਰਥ ਹੈ। ਗੁਰਬਾਣੀ "ਪੂਰਨ ਬ੍ਰਹਮ ਗਿਆਨ" ਹੈ। ਪਰਮੇਸ਼ਰ ਨਾਲ ਸਿੱਧੀਆਂ ਗੱਲਾਂ ਹਨ। ਪ੍ਰੇਮ ਦੀਆਂ ਚਿੱਠੀਆਂ ਹਨ। ਜਗਿਆਸੂ ਨੇ ਪਰਮੇਸ਼ਰ ਜੀ ਨਾਲ ਗੱਲ ਕਰਨੀ ਹੋਵੇ, ਅਰਦਾਸ ਕਰਨੀ ਹੋਵੇ, ਦਰਗਾਹ ਵਿਚ ਰਸਾਈ ਕਰਨੀ ਹੋਵੇ—ਕਿਵੇਂ ਕਰੇ? ਸ੍ਰੀ ਗੁਰੂ ਦਾ ਹੁਕਮ ਹੈ ਕਿ ਗੁਰਬਾਣੀ ਰਾਹੀਂ ਹੀ ਕਰੇ।

ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥

ਗੁਰਬਾਣੀ ਨੂੰ ਗਾਉਣ ਦਾ ਹੁਕਮ ਹੈ। ਤਾਗੀਦ ਹੈ ਰਾਗਬਧ ਸੰਗੀਤ ਵਿਚ ਹੀ ਗੁਰਬਾਣੀ ਗਾਇਨ ਕਰੋ। ਕਾਇਨਾਤ ਦਾ ਜ਼ਰਾ ਜ਼ਰਾ ਜਾਨਦਾਰ ਜਾਂ ਬੇਜਾਨ ਸੰਗੀਤ ਦੇ ਅਸਰ ਨੂੰ ਕਬੂਲਣ ਤੋਂ ਬਿਨਾਂ ਨਹੀਂ ਰਹਿ ਸਕਦਾ। ਜਿਹੜਾ ਰਾਗਬਧ ਸੰਗੀਤ ਆਪਣੇ ਅਸਰ ਨਾਲ ਮੀਂਹ ਵਰਸਾ ਸਕਦਾ ਹੈ, ਅਗਨੀ ਚਮਕਾ ਸਕਦਾ ਹੈ ਸਰਪ ਨੂੰ ਝੁਮਾ ਸਕਦਾ ਹੈ, ਉਹ ਰੱਬ ਨੂੰ ਵੀ ਰਿਝਾ ਸਕਦਾ ਹੈ। ਸਰਬ ਵਿਆਪੀ ਹੋਣਾ ਪਰਮੇਸ਼ਰ ਦਾ ਨਿਜੀ ਗੁਣ ਹੈ। ਨਾਦ ਵੀ ਸਰਬ ਵਿਆਪੀ ਹੈ—ਘਟਿ ਘਟਿ ਵਾਜਹਿ ਨਾਦ ॥ ਮਹਾਰਾਜ ਦਾ ਬਚਨ ਹੈ। ਹਰ ਸਮੇਂ ਇਕ ਸੂਖਮ ਕੋਮਲ ਗਾਇਨ ਹੋ ਰਿਹਾ ਹੈ। ਸਾਰੀ ਕਾਇਨਾਤ, ਸਾਰੀ ਕੁਦਰਤ, ਸਾਰੇ ਮਨ ਤੇ ਸਾਰੇ ਤਨ ਸੰਗੀਤ ਰਸ ਵਿਚ ਹਨ। ਪਵਣ ਪਾਣੀ ਬਸੰਤਰ ਖੰਡ, ਮੰਡਲ ਬ੍ਰਹਮੰਡ ਸਭ ਗਾ ਰਹੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਨਵਖੰਡ ਮੇਦਨੀ ਗਾ ਕੇ ਹੀ ਜਿੱਤੀ। ਇਸ ਲਈ ਸਿੱਖ ਨੂੰ ਵੀ ਆਖਿਆ —ਤੁਸੀਂ ਗਾਓ। ਸਾਰੀ ਬਾਣੀ ਰਾਗਾਂ ਵਿਚ ਹੀ ਉਚਾਰੀ। ਇਸ ਲਈ ਪਰਮੇਸ਼ਰ ਨੂੰ ਰੀਝਾਉਣ ਲਈ ਸਿੱਖੀ ਵਿਚ ਪ੍ਰਮੁੱਖ ਸਾਧਨ ਕੀਰਤਨ ਹੈ ਤੇ ਉਹ ਵੀ ਰਾਗ ਬੱਧ ਕੀਰਤਨ। ਇਸੇ ਵੀਚਾਰ ਨੇ ਬਾਬਾ ਜੀ ਨੂੰ ਕੀਰਤਨ ਦਾ ਆਸ਼ਕ ਬਣਾਇਆ (ਅਸੀਂ ਬਾਬਾ ਜੀ ਦੀ ਸੰਗਤ ਵਿਚ ਰਹਿੰਦਿਆਂ ਇਹੀ ਮਹਿਸੂਸ ਕੀਤਾ ਹੈ ਕਿ ਰਾਗ ਨਾਲ ਉਨ੍ਹਾਂ ਦਾ ਪਿਆਰ ਉਪਰ ਲਿਖੇ ਵੀਚਾਰ ਕਰਕੇ ਹੀ ਹੋ ਸਕਦਾ ਹੈ ਕੋਈ ਹੋਰ ਅੰਦਰਲਾ ਭੇਤ ਵੀ ਹੋਵੇ ਉਸ ਦਾ ਸਾਨੂੰ ਗਿਆਨ ਨਹੀਂ) ਇਸੇ ਪ੍ਰੇਮ ਦਾ ਸਦਕਾ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਸਮਾਗਮ ਹੁੰਦੇ ਹੀ ਰਹਿੰਦੇ ਹਨ। ਪੰਥ ਪ੍ਰਸਿੱਧ ਰਾਗੀ ਸਿੰਘ ਕੀਰਤਨ ਕਰਦੇ ਹਨ। ਹਰ ਮਹੀਨੇ ਸੁਦੀ ਪੱਖ ਦੀ ਦਸਵੀਂ ਦੇ ਦੀਵਾਨ ਵਿਚ ਕਈ ਵੇਰ 20-21 ਜਥੇ ਕੀਰਤਨ ਕਰਦੇ ਹਨ। ਬਾਬਾ ਜੀ ਆਮ ਤੌਰ ਤੇ ਰਾਗੀ ਸਿੰਘਾਂ ਨੂੰ ਨਿਰਧਾਰਤ ਰਾਗਾਂ ਤੇ ਕੀਰਤਨ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਹਨ। ਪਿਛਲੇ ਕੁਝ ਸਮੇਂ ਤੋਂ ਬਾਬਾ ਜੀ ਦੇ ਮਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 31 ਰਾਗਾਂ ਦਾ ਕੀਰਤਨ ਰਾਗੀ ਸਿੰਘਾਂ ਤੋਂ ਕਰਾਉਣ ਦੀ ਪ੍ਰੇਰਨਾ ਪੈਦਾ ਹੋਈ। ਇਸ ਲਈ ਸਿਆਣੇ ਰਾਗੀ ਸਿੰਘਾਂ ਨਾਲ ਕਾਫੀ ਸਮਾਂ ਵੀਚਾਰ ਕਰਨ ਤੋਂ ਬਾਦ ਇਕ ਗੁਰਮਤਿ ਸੰਗੀਤ ਸੰਮੇਲਨ ਕਰਾਉਣ ਦਾ ਫੈਸਲਾ ਕੀਤਾ। ਇਹ ਵੀਚਾਰ ਵੀ ਹੋਈ ਕਿ ਰਾਗ ਦਰਬਾਰ ਤਾਂ ਗਾਹੇ ਬਗਾਹੇ ਪੰਥ-ਸੰਮੇਲਨਾਂ ਵਿਚ ਹੁੰਦੇ ਰਹਿੰਦੇ ਹਨ ਪਰ ਸਾਰੇ 31 ਰਾਗਾਂ ਦਾ ਅਜ ਤਕ ਕੋਈ ਕੀਰਤਨ ਦਰਬਾਰ ਹੋਇਆ ਨਹੀਂ ਸੁਣੀਂਦਾ। ਐਉਂ ਅਨੁਭਵ ਹੁੰਦਾ ਹੈ ਕਿ ਸ਼ਾਇਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੇਲੇ ਹੀ ਇਹ ਰਾਗ ਦਰਬਾਰ ਹੋਏ ਹੋਣ।

ਸੋ ਸੰਗਤਾਂ ਨਾਲ ਵਿਚਾਰ ਕਰਕੇ 10, 11, 12 ਅਤੇ 13 ਅਕਤੂਬਰ 1991 ਦੀਆਂ ਤਾਰੀਖਾਂ ਮਿੱਥ ਦਿੱਤੀਆਂ ਗਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦਾ ਗੁਰ ਮਰਿਆਦਾ ਅਨੁਸਾਰ ਗਾਉਣ ਵਾਲੇ ਸੁਰ ਸਾਧਿਕ ਪੂਰਨ ਗਿਆਤਾ, ਵਿਦਵਾਨਾਂ ਦੀ ਦਨੀਆਂ ਦੇ ਮਾਰਤੰਡ, ਕਿਨਰ ਤੇ ਗੰਧਰਬ ਪਦਵੀ ਦੇ ਅਧਿਕਾਰੀ ਰਾਗੀ ਸਿੰਘਾਂ ਤਕ ਪਹੁੰਚ ਕੀਤੀ ਗਈ ਹੈ ਜਿਨ੍ਹਾਂ ਵੱਲੋਂ ਪ੍ਰਵਾਨਗੀ ਵੀ ਮਿਲ ਗਈ ਹੈ।

ਪੰਥ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਜੀ, ਬੇਦੀ ਕੁਲਭੂਸ਼ਨ ਗੁਰੂ ਨਾਨਕ ਅੰਸ ਬੰਸ ਬਾਬਾ ਸਰਬਜੋਤ ਸਿੰਘ ਜੀ ਬੇਦੀ, ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ, ਭਾਈ ਸਾਹਿਬ ਭਾਈ ਪਰਮਜੋਤ ਸਿੰਘ ਜੀ, ਪ੍ਰੋ: ਕਰਤਾਰ ਸਿੰਘ ਜੀ, ਡਾ. ਜਾਗੀਰ ਸਿੰਘ ਆਦਿ ਪੂਰੀ ਤਨ ਦਿਲੀ ਨਾਲ ਸਹਿਯੋਗ ਦੇ ਰਹੇ ਹਨ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਪੂਰਨ ਤੌਰ ਤੇ ਤੰਦਰੁਸਤ ਨਾ ਹੋਣ ਤੇ ਵੀ ਬਹੁਤ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿਕ ਪੰਥਕ ਸੰਸਥਾਵਾਂ ਵੱਲੋਂ ਵੀ ਪੂਰਨ ਸਹਿਯੋਗ ਦੁਆਉਣ ਦਾ ਭਰੋਸਾ ਦਿਵਾਇਆ ਹੈ। ਭਾਵੇਂ ਇਸ ਤੋਂ ਪਹਿਲਾਂ ਇਕ ਦੋ ਯਤਨ— ਰਾਗਾਂ ਦੀ ਨੋਟੇਸ਼ਨ ਲਿਖਣ ਦੇ ਹੋਏ ਹਨ ਜਿਵੇਂ ਮਹੰਤ ਭਾਈ ਗੱਜਾ ਸਿੰਘ ਜੀ ਨੇ ਪ੍ਰਸਿੱਧ ਵਿਦਵਾਨ ਮੈਕਾਲਫ ਨੂੰ 31 ਰਾਗਾਂ ਦੀਆਂ ਨੋਟੇਸ਼ਨਾਂ ਲਿਖਵਾਈਆਂ, ਗਿਆਨੀ ਗਿਆਨ ਸਿੰਘ ਐਬਟਾਬਾਦ ਅਤੇ ਭਾਈ ਸਾਹਿਬ ਅਵਤਾਰ ਸਿੰਘ ਜੀ, ਭਾਈ ਗੁਰਚਰਨ ਸਿੰਘ ਜੀ ਆਦਿ ਨੇ ਲਿਖਣ ਵਿਚ ਬਹੁਤ ਮਿਹਨਤ ਕੀਤੀ ਹੈ ਪਰ ਉਨ੍ਹਾਂ ਤੋਂ ਬਹੁਤਾ ਲਾਭ ਨਹੀਂ ਉਠਾਇਆ ਗਿਆ।

ਸੁੱਤੇ ਪਏ ਰਾਗਾਤਮਕ ਕੀਰਤਨ ਦੀ ਰੁਚੀ ਜਗਾਉਣ ਲਈ ਹੀ ਬਹੁਤ ਵੱਡੀ ਪੱਧਰ ਤੇ ਉਪਰੋਕਤ ਤਾਰੀਖਾਂ ਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਹੋ ਰਿਹਾ ਹੈ। ਸਾਰੇ ਸਮਾਗਮ ਨੂੰ ਫਿਲਮਾਇਆ ਜਾਵੇਗਾ ਅਤੇ ਟੇਪ ਰਿਕਾਰਡਰ ਦੀਆਂ ਕੈਸਟਾਂ ਵੀ ਬਣਾਈਆਂ ਜਾਣਗੀਆਂ ਭਾਵ ਆਡੀਓ ਅਤੇ ਵੀਡੀਓ ਰੀਕਾਰਡਿੰਗ ਹੋਵੇਗੀ। ਸਿੱਖੀ ਦਾ ਕੇਂਦਰ, ਕੀਰਤਨ ਦਾ ਮੁਜੱਸਮਾ, ਸ੍ਰੀ ਹਰਿਮੰਦਰ ਸਾਹਿਬ ਵਿਚ ਲਗਦੀਆਂ ਕੀਰਤਨ ਦੀਆਂ 7 ਚੌਂਕੀਆਂ (ਤ੍ਰਿਪਹਰਾ, ਆਸਾ ਦੀ ਵਾਰ, ਰਾਮਕਲੀ, ਬਿਲਾਵਲੁ, ਸਾਰੰਗ, ਸੋਦਰੁ, ਕਾਨੜਾ) ਦੀਆਂ 7 ਕੈਸਟਾਂ ਬਨਾਉਣ ਦੀ ਵੀ ਤਜਵੀਜ਼ ਹੈ। ਕੈਸਟਾਂ ਦੀ ਲਾਇਬਰੇਰੀ ਗੁਰਦੁਆਰਾ ਸਾਹਿਬ ਵਿਖੇ ਬਣਾਈ ਜਾਵੇਗੀ।

ਸੰਗਤਾਂ ਨੂੰ ਵਾਜਬ ਕੀਮਤ ਉਤੇ ਟੇਪਾਂ ਦਿੱਤੀਆਂ ਜਾਣਗੀਆਂ। ਇਹ ਸਮਾਗਮ ਆਪਣੀ ਕਿਸਮ ਦੀ ਆਪ ਮਿਸਾਲ ਹੋਵੇਗਾ। ਹੁਣ ਤੋਂ ਹੀ ਬਾਬਾ ਜੀ ਅਤੇ ਸਹਿਯੋਗੀ ਦਿਨ ਰਾਤ ਲਗ ਕੇ ਇਸ ਸਮਾਗਮ ਦੀ ਸਫਲਤਾ ਲਈ ਮਿਹਨਤ ਕਰ ਰਹੇ ਹਨ।

12 ਅਕਤੂਬਰ ਨੂੰ ਇਕ ਸੈਮੀਨਾਰ ਵੀ ਕੀਤਾ ਜਾਵੇਗਾ ਜਿਸ ਵਿਚ ਵਿਦਵਾਨ ਸੱਜਣ ਪੇਪਰ ਪੜ੍ਹਨਗੇ ਤੇ ਅਹਿਮ ਫੈਸਲੇ ਵੀ ਕੀਤੇ ਜਾਣਗੇ। ਇਸੇ ਦਿਨ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸੋਵੀਨਾਰ ਵੀ ਰਿਲੀਜ਼ ਕੀਤਾ ਜਾਵੇਗਾ।

ਸਮਾਗਮ ਦੀ ਇਕ ਵਿਸ਼ੇਸ਼ਤਾ ਇਹ ਵੀ ਹੋਵੇਗੀ ਕਿ ਰਾਗੀ ਸਿੰਘ ਨਿਰ-ਧਾਰਤ ਰਾਗ ਅਤੇ ਰਾਗਾਂ ਦੇ ਨੀਯਤ ਸਮੇਂ ਤੇ ਹੀ ਕੀਰਤਨ ਕਰਨਗੇ। ਰਾਤ ਦਾ ਰਾਗ ਰਾਤ ਨੂੰ, ਅੰਮ੍ਰਿਤ ਵੇਲੇ ਦਾ ਅੰਮ੍ਰਿਤ ਵੇਲੇ ਅਤੇ ਦੁਪਹਿਰ ਦਾ ਦੁਪਹਿਰ ਵੇਲੇ ਆਦਿ।

ਇਹ ਸਾਰਾ ਕਾਰਜ ਸ੍ਰੀ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੋ ਰਿਹਾ ਹੈ। ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਦੇ ਪੁੱਜਣ ਦੀ ਆਸ ਹੈ। ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮਹਾਨ ਪੰਥਕ ਕਾਰਜ ਨੂੰ ਸ.ਫਲ ਬਣਾਉਣ ਲਈ ਹਰ ਪ੍ਰਕਾਰ ਦੇ ਤਨ, ਮਨ, ਧਨ ਨਾਲ ਸਹਿਯੋਗ ਦਿਓ ਜੀ। ਹੁਣ ਤੋਂ ਹੀ 10, 11, 12 ਅਤੇ 13 ਅਕਤੂਬਰ ਦੇ ਦਿਨ ਰਾਖਵੇਂ ਕਰ ਲਓ ਤਾਂਕਿ ਸਾਰੇ ਸੰਸਾਰ ਵਿਚ ਗੁਰਮਤਿ ਮਰਯਾਦਾ ਅਨੁਸਾਰ ਕੀਰਤਨ ਕਰਨ ਸੁਣਨ ਲਈ ਆਪ ਦਾ ਪਿਆਰ ਜ਼ਾਹਰ ਹੋ ਸਕੇ ਤੇ ਅਗੋਂ ਲਈ ਆਉਣ ਵਾਲੀਅ ਪੀੜ੍ਹੀਆਂ ਨੂੰ ਗੁਰਮਤਿ ਮਰਯਾਦਾ ਅਨੁਸਾਰ ਹੀ ਕੀਰਤਨ ਕਰਨ ਦੀ ਪ੍ਰੇਰਨਾ ਮਿਲੇ ਅਤੇ ਮੁੜ ਕੇ ਗੁਰੂ ਨਾਨਕ ਬਖਸ਼ੇ ਗੁਰਮਤਿ ਕੀਰਤਨ ਦਾ ਪਾਸਾਰ ਹੋ ਸਕੇ।

ਆਪ ਸਭ ਤੋਂ ਹਰ ਪ੍ਰਕਾਰ ਦੇ ਸਹਿਯੋਗ ਦੀ ਆਸ ਰੱਖਦੇ ਹਾਂ ਜੀ।

ਬੀਬੀ ਜਸਬੀਰ ਕੌਰ
ਮਾਡਲ ਟਾਊਨ, ਲੁਧਿਆਣਾ

# ਬੇਨਤੀ

ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਪਿੰਡ ਜਵੱਦੀ ਕਲਾਂ, ਲੁਧਿਆਣਾ ਵਿਖੇ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਸੁਚੱਜੀ ਅਗਵਾਈ ਹੇਠ ਇਕ ਮਹਾਨ ਗੁਰਮਤਿ ਸੰਗੀਤ ਸੰਮੇਲਨ ਹੋ ਰਿਹਾ ਹੈ। ਅੱਜ ਪੱਛਮੀ ਸਭਿਅਤਾ ਦੇ ਪ੍ਰਭਾਵ ਅਤੇ ਨਵੇਂ ਨਵੇਂ ਸਾਜ਼ਾਂ ਦੇ ਈਜਾਦ ਹੋਣ ਕਰਕੇ ਗੁਰੂ ਬਖਸ਼ੇ ਗੁਰਬਾਣੀ ਕੀਰਤਨ ਦਾ ਮੁਹਾਂਦਰਾ ਬਦਲ ਗਿਆ ਹੈ। ਗੁਰਮਤਿ ਮਰਯਾਦਾ ਅਨੁਸਾਰ ਜੋ ਪੁਰਾਤਨ ਰਾਗੀ ਸਿੰਘ ਕੀਰਤਨ ਕਰਦੇ ਸਨ, ਉਹ ਅੱਜ ਵਿਰਲਾ ਹੀ ਸੁਣਨ ਵਿਚ ਆਉਂਦਾ ਹੈ। ਕੀਰਤਨ ਦਰਬਾਰ ਅਤੇ ਰਾਗ ਦਰਬਾਰ ਆਮ ਹੁੰਦੇ ਹੀ ਰਹਿੰਦੇ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 31 ਰਾਗਾਂ ਦਾ ਕੀਰਤਨ ਦਰਬਾਰ ਅੱਜ ਤਕ ਹੋਇਆ ਨਹੀਂ ਸੁਣੀਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਸਮਕਾਲੀਨ ਜਾਂ ਉਸ ਤੋਂ ਪਹਿਲਾਂ ਪ੍ਰਚੱਲਤ ਸੰਗੀਤਕ ਪ੍ਰਭਾਵ ਨੂੰ ਛੱਡ ਕੇ ਪ੍ਰਮੇਸ਼ਰ ਨੂੰ ਰਿਝਾਉਣ ਲਈ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਲਈ ਇਕ ਨਵੀਂ ਸੇਧ ਦਿੱਤੀ ਹੈ ਅਤੇ ਰਾਗਾਂ ਦਾ ਭਰਪੂਰ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਅੱਜ ਲੋੜ ਹੈ ਉਸ ਵਿਰਸੇ ਨੂੰ ਸੰਭਾਲਣ ਦੀ, ਜਿਸ ਲਈ ਇਹ ਮਹਾਨ ਉਦਮ ਬਾਬਾ ਜੀ ਨੇ ਕੀਤਾ ਹੈ। 10, 11, 12 ਅਤੇ 13 ਅਕਤੂਬਰ 1991 ਦੀਆਂ ਤਾਰੀਖਾਂ ਇਸ ਮਹਾਨ ਪੰਥਕ ਸੰਮੇਲਨ ਲਈ ਮਿਥੀਆਂ ਗਈਆਂ ਹਨ। ਇਸ ਮਹਾਨ ਗੁਰਮਤਿ ਸੰਗੀਤ ਸੰਮੇਲਨ ਵਿਚ ਗੁਰਮਤਿ ਮਰਯਾਦਾ ਅਨੁਸਾਰ ਸੂਰ ਸਾਧਿਕ, ਪੂਰਨ ਗਿਆਤਾ, ਮਾਰਤੰਡ ਰਾਗੀ ਸਿੰਘ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨਗੇ। ਸਾਰਾ ਪ੍ਰੋਗਰਾਮ ਫਿਲਮਾਇਆ ਅਤੇ ਰਿਕਾਰਡ ਕੀਤਾ ਜਾਵੇਗਾ।

ਗੁਰੂ ਪੰਥ ਦੇ ਦਾਸ :—

ਮੇਂਬਰਾਨ ਸੁਆਗਤੀ ਕਮੇਟੀ

ਭਾਈ ਬਲਬੀਰ ਸਿੰਘ (ਅੰਮ੍ਰਿਤਸਰ) ਪ੍ਰੋ: ਕਰਤਾਰ ਸਿੰਘ (ਲੁਧਿਆਣਾ)
ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ) ਬੀਬੀ ਜਸਬੀਰ ਕੌਰ (ਲੁਧਿਆਣਾ)

# ਅਪੀਲ

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬਿਰਾਜੇ ਇਕੱਤੀ ਰਾਗਾਂ ਦਾ ਦੇਸ਼ ਦੇ ਵਿਦਵਾਨ ਰਾਗੀ ਸਿੰਘਾਂ ਦੀ ਰਸਨਾ ਤੋਂ ਆਤਮ ਰੰਗੀ ਉਚਾਰਨ ਕੀਤਾ ਜਾਣ ਵਾਲਾ ਮਧੁਰ ਸ਼ਬਦ ਗਾਇਨ ਸੰਮੇਲਨ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼,

ਪਿੰਡ ਜਵੱਦੀ ਕਲਾਂ, ਨੇੜੇ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ 10, 11, 12 ਅਤੇ 13 ਅਕਤੂਬਰ 1991 ਨੂੰ ਆਤਮ ਦਰਸੀ, ਬ੍ਰਹਮ ਗਿਆਨੀ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਉਦਮ ਅਤੇ ਪ੍ਰੇਰਨਾ ਸਦਕਾ, ਖਾਲਸਾ ਪੰਥ ਦੇ ਸੰਚਾਲਿਕ ਸ਼ਹਿਨਸ਼ਾਹ ਗੁਰੂ ਗਬਿੰਦ ਸਿੰਘ ਜੀ ਦੀ ਸ਼ਾਹਾਨਾ ਛੱਤਰ ਛਾਇਆ ਹੇਠ ਆਯੋਜਿਤ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ ਸੈਂਕੜੇ ਰਾਗਾਂ ਨੂੰ ਤਾਨਪੂਰੇ ਨਾਲ ਗਾਇਨ ਕਰਕੇ ਅਨੇਕਾਂ ਸੰਗੀਤ ਛੰਦਾਂ ਦਾ ਕੀਰਤਨ ਕੀਤਾ ਅਤੇ ਖਿਆਲ, ਤ੍ਰਾਨੇ ਆਦਿ ਬੇਮਿਸਾਲ ਰਾਗਾਂ ਦੇ ਗੁਲਦਸਤਿਆਂ ਦੀ ਰਚਨਾ ਕੀਤੀ। ਆਪ ਜੀ ਆਪਣੀ ਆਲਮਾਨਾ ਰਹਿਨੁਮਾਈ ਹੇਠ ਅਨੇਕਾਂ ਸੰਗੀਤ ਸੰਮੇਲਨ ਕਰਵਾ ਕੇ ਉਸ ਵੇਲੇ ਦੇ ਗੰਧਰਵ ਗਾਇਕਾਂ ਨੂੰ ਬੇਅੰਤ ਬਖਸ਼ਸ਼ਾਂ ਨਾਲ ਨਿਵਾਜਦੇ ਰਹੇ।

ਭਾਰਤ ਦੀ ਮਾਨ ਅਤੇ ਸ਼ਾਨ ਗੁਰੂ ਖਾਲਸਾ ਸਾਧ ਸੰਗਤ ਜੀਉ ! ਆਪ ਜੀ ਨੂੰ ਇਹ ਜਾਣ ਕੇ ਬੇਅੰਤ ਪ੍ਰਸੰਨਤਾ ਪ੍ਰਾਪਤ ਹੋਵੇਗੀ ਕਿ ਸਾਡੀ ਸਭਨਾਂ ਦੀ ਲਾਲਸਾ, ਜੋ ਬੜੀ ਦੇਰ ਤੋਂ ਸੀ, ਉਹ ਅੱਜ ਪੂਰਨ ਹੋਣ ਲੱਗੀ ਹੈ। ਸ੍ਰੀ ਗੁਰਦੇਵ ਜੀ ਨੇ ਸਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਜੋ ਇਕੱਤੀ ਰਾਗਾਂ ਵਿਚ ਬਾਣੀ ਗਾਇਣ ਕੀਤੀ ਹੈ, ਉਹਨਾਂ ਰਾਗਾਂ ਦੇ ਸਰੂਪ ਜੋ ਤੇਜੀ ਨਾਲ ਅਲੋਪ ਹੁੰਦੇ ਜਾ ਰਹੇ ਹਨ, ਨੂੰ ਵਿਦਵਾਨ ਰਾਗੀ ਜਥਿਆਂ ਪਾਸੋਂ ਗਾਇਨ ਕਰਵਾ ਕੇ ਕੈਸਟ ਲਾਇਬਰੇਰੀ ਕਾਇਮ ਕਰ ਦਿੱਤੀ ਜਾਵੇਗੀ, ਤਾਂ ਕਿ ਲੋੜ ਪੈਣ ਤੇ ਉਥੋਂ ਸੇਧ ਲਈ ਜਾ ਸਕੇ। ਗੁਰੂ ਸਾਹਿਬ ਜੀ ਨੇ ਆਪ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕਰਕੇ ਸੜਦੇ ਤਪਦੇ ਸੰਸਾਰ ਨੂੰ ਠੰਡ ਵਰਤਾਈ ਸੀ।

ਇਸ ਕੰਮ ਦੇ ਸੰਪੂਰਨ ਹੋ ਜਾਣ ਨਾਲ ਇਕ ਤਾਂ ਰਾਗਾਂ ਦਾ ਸਪੱਸ਼ਟ ਰੂਪ ਨਿੱਖਰ ਕੇ ਸਾਹਮਣੇ ਆ ਜਾਵੇਗਾ ਦੂਜਾ ਗੁਰੂ ਦੇ ਕੀਰਤਨੀਏ, ਜੋ ਇਹਨਾਂ ਰਾਗਾਂ ਨੂੰ ਭੁਲਾਈ ਵਿਸਾਰੀ ਜਾਂਦੇ ਹਨ ਉਹਨਾਂ ਅੰਦਰ ਨਵਾਂ ਸ਼ੌਕ ਤੇ ਉਮਾਹ ਜਾਗ ਉਠੇਗਾ ਅਤੇ ਕੌਮ ਅੰਦਰ ਜਾਗ੍ਰਤੀ ਆ ਜਾਵੇਗੀ। ਦਸਮ ਪਿਤਾ ਜੀ ਦਾ ਬਚਨ ਹੈ ਕਿ ਇਨ੍ਹਾਂ ਰਾਗਾਂ ਤੇ ਤਾਲਾਂ ਅੰਦਰ ਬਾਣੀ ਗਾਇਣ ਕਰਨ ਵਾਲੇ ਨੂੰ ਦੇਵ ਲੋਕ ਦੇ ਕਿੰਨਰਾਂ ਤੇ ਗੰਧਰਬਾਂ ਦੀ ਪਦਵੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਸਤਿਗੁਰੂ ਜੀ ਦੇ ਬਖਸ਼ੇ ਅਮੋਲਕ ਖਜ਼ਾਨੇ ਦੀ ਸੰਭਾਲ ਵੀ ਹੋ ਜਾਵੇਗੀ।

ਆਪ ਜੀ ਦੇ ਦਾਸਰੇ ਨੂੰ ਦੇਰ ਤੋਂ ਇਹ ਸੋਚ ਆ ਰਹੀ ਸੀ ਕਿ ਇਸ ਨਿੱਘਰ ਕਾਰਜ ਨੂੰ ਆਪਣੇ ਹੱਥ ਕੌਣ ਲਵੇਗਾ ? ਜਾਂ ਤਾਂ ਕੋਈ ਰਾਜਾ ਮਹਾਰਾਜਾ ਹੋਵੇ; ਜਾਂ ਫਿਰ ਕੋਈ ਮਹਾਂਮੁਰਖ ਹੀ ਗੁਰੂ ਮੇਹਰ ਨਾਲ ਇਸ ਕੰਮ ਨੂੰ ਸਿਰੇ ਚਾੜ੍ਹ ਸਕਦੇ ਹਨ।

ਸੋ ਅੱਜ ਵਾਹਿਗੁਰੂ ਜੀ ਨੇ ਸਾਡੀ ਸੁਣੀ ਹੈ। ਇਹ ਸਭਨਾਂ ਲਈ ਬਹੁਤ ਖੁਸ਼ੀ ਦੀ ਖਬਰ ਹੈ ਕਿ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਵਾਲਿਆਂ ਨੇ ਇਸ

ਕੀਮਤੀ ਵਿਰਸੇ ਨੂੰ ਸੰਭਾਲਣ ਦਾ ਦ੍ਰਿੜ ਨਿਸਚਾ ਕਰ ਲਿਆ ਹੈ। (ਰਾਗ ਨਾਦ ਸ਼ਬਦ ਸੋਹਣੇ) ਜੀ ਦੇ ਗਾਇਨ ਸੰਮੇਲਨ ਦੀਆਂ ਉਪਰ ਲਿਖੀਆਂ ਤਾਰੀਖਾਂ ਨੀਯਤ ਕਰ ਦਿੱਤੀਆਂ ਹਨ। ਦੇਸ਼ ਦੇ ਮਾਰਤੰਡ ਗਾਇਕਾਂ ਪਾਸੋਂ ਪ੍ਰਵਾਨਗੀਆਂ ਵੀ ਲੈ ਲਈਆਂ ਹਨ। ਇਸ ਮਹਾਨ ਸਮਾਗਮ ਦੀਆਂ ਤਿਆਰੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਹੁਣ ਆਪ ਜੀ ਸਮੂੰਹ ਗੁਰੂ ਨਾਨਕ ਨਾਮ ਲੇਵਾ ਮਾਈ ਭਾਈ ਦਾ ਜ਼ਰੂਰੀ ਫਰਜ਼ ਬਣਦਾ ਹੈ ਕਿ ਬਾਬਾ ਜੀ ਨੂੰ ਤਨ ਮਨ ਤੇ ਧਨ ਦੁਆਰਾ ਪੂਰਾ ਪੂਰਾ ਸਹਿਯੋਗ ਦੇ ਕੇ ਇਸ ਜ਼ਰੂਰੀ ਕਾਰਜ ਨੂੰ ਸਫਲ ਬਣਾਉ ਜੀ। ਇਸ ਤਰ੍ਹਾਂ ਗੁਰੂ ਨਾਨਕ, ਗੁਰੂ ਗੋਬਿੰਦ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ ਅਤੇ ਆਉਣ ਵਾਲੇ ਸਮੇਂ ਦੇ ਰਾਗੀ ਸਿੰਘਾਂ ਉਪਰ ਆਪ ਜੀ ਦਾ ਉਪਕਾਰ ਹੋਵੇਗਾ ਅਤੇ ਉਹ ਵੀ ਬਲਿਹਾਰ ਤੇ ਸਦਕੇ ਜਾਣਗੇ।

ਪ੍ਰਾਰਥਕ ਸਮੂੰਹ ਸੰਗਤਾਂ ਦਾ ਅਪਨਾ :
ਬਲਬੀਰ ਸਿੰਘ
ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ
ਮਕਾਨ ਨੰਬਰ 132 ਗਲੀ ਨੰ: 5 ਅੰਤਰਜਾਮੀ ਕਾਲੋਨੀ, ਅੰਮ੍ਰਿਤਸਰ

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

—ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮਹਲਾ ੧

ਹਉ ਵਿਚਿ ਆਇਆ ਹਉ ਵਿਚਿ ਗਇਆ ।
ਹਉ ਵਿਚਿ ਜੰਮਿਆ ਹਉ ਵਿਚਿ ਮੁਆ ।
ਹਉ ਵਿਚਿ ਦਿਤਾ ਹਉ ਵਿਚਿ ਲਇਆ ।
ਹਉ ਵਿਚਿ ਖਟਿਆ ਹਉ ਵਿਚਿ ਗਇਆ ।
ਹਉ ਵਿਚਿ ਸਚਿਆਰੁ ਕੂੜਿਆਰੁ ।
ਹਉ ਵਿਚਿ ਪਾਪ ਪੁੰਨ ਵੀਚਾਰੁ ।
ਹਉ ਵਿਚਿ ਨਰਕਿ ਸੁਰਗਿ ਅਵਤਾਰ ।
ਹਉ ਵਿਚਿ ਹਸੈ ਹਉ ਵਿਚਿ ਰੋਵੈ ।
ਹਉ ਵਿਚਿ ਭਰੀਐ ਹਉ ਵਿਚਿ ਧੋਵੈ ।
ਹਉ ਵਿਚਿ ਜਾਤੀ ਜਿਨਸੀ ਖੋਵੈ ।
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ।
ਮੋਖ ਮੁਕਤਿ ਕੀ ਸਾਰ ਨ ਜਾਣਾ ।
ਹਉ ਵਿਚਿ ਮਾਇਆ ਹਉ ਵਿਚਿ ਛਾਇਆ ।
ਹਉਮੈ ਕਰਿ ਕਰਿ ਜੰਤ ਉਪਇਆ ।
ਹਉਮੈ ਬੂਝੈ ਤਾ ਦਰੁ ਸੂਝੈ ।
ਗਿਆਨ ਵਿਹੂਣਾ ਕਥਿ ਕਥਿ ਲੂਝੈ
ਨਾਨਕ ਹੁਕਮੀ ਲਿਖੀਐ ਲੇਖੁ ।
ਜੇਹਾ ਵੇਖਹਿ ਤੇਹਾ ਵੇਖੁ ।੧।

**ਵਿਆਖਿਆ** :—ਜੀਵ ਜਗਤ ਵਿਚ ਹਉਮੈ (ਮੈਂ) ਦੇ ਬੰਧਨ ਵਿਚ ਬੰਧਿਆ ਹੀ ਆਉਂਦਾ ਹੈ ਅਤੇ ਆਪਣੀ ਮੈਂ ਨੂੰ ਹੀ ਪੱਠੇ ਪਾਉਣ ਦਾ ਯਤਨ ਕਰਦਿਆਂ ਮਨੁੱਖਾ ਦੇਹੀ ਨੂੰ ਮੁੜ-ਮੁੜ ਕੇ ਕਰਮਾਂ ਦੇ ਗੇੜ ਕਰਕੇ ਜੰਮਣ ਮਰਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਜੰਮ ਕੇ ਵੱਡਾ ਹੋ ਕੇ ਦੇਣ ਲੈਣ ਕਰਦਾ ਹੈ। ਸੋ ਇਸ ਨੇ ਖੱਟਿਆ ਕਮਾਇਆ (ਤਾਂ) ਹਉਂ ਵਿਚ। ਜੇ ਇਸ ਗਵਾਇਆ, ਘਾਟਾ ਪਾਇਆ ਤਾਂ ਹਉਂ ਵਿਚ ਮੇਰਾ ਗਿਆ ਕਹਿ ਕੇ ਰੋਂਦਾ ਹੈ, ਜਿਵੇਂ ਭਗਤ ਕਬੀਰ ਜੀ ਬਾਣੀ ਵਿਚ ਫੁਰਮਾਉਂਦੇ ਹਨ :—

ਜਬ ਕੁਛ ਪਾਏ ਤਾ ਗਰਬ ਕਰਤ ਹੈ ।
ਮਾਇਆ ਗਈ ਤਾ ਰੋਵਣ ਲਗਤ ਹੈ ।

ਸੋ ਮੈਂ ਦੇ ਚੱਕਰ ਵਿਚ ਜੰਮਣ ਮਰਨ, ਨਰਕ, ਸੁਰਗ ਦਾ ਬੰਧਨ ਬਣਿਆ ਰਹਿੰਦਾ ਹੈ। ਫਿਰ ਜਾਤੀ ਦੀ ਹਉਮੈ ਵਿਚ ਨਾਮ ਰੂਪੀ ਵਖਰ (ਜਿਨਸ) ਨੂੰ ਖੋ ਬੈਠਦਾ ਹੈ ਤੇ ਮੂਰਖਾਂ ਵਾਲੇ ਕਾਰੇ ਕਰ ਬੈਠਦਾ ਹੈ ਅਤੇ ਜੋ ਕੁਝ ਅਕਲ (ਇਲਮ) ਸਿਖ ਕੇ ਸਿਆਣਾ ਬਣਨ ਦਾ ਯਤਨ ਕਰਦਾ ਹੈ ਤਾਂ ਵੀ ਮੈਂ ਨੂੰ ਨਹੀਂ ਛੱਡਦਾ। ਇਸ ਕਰਕੇ ਇਸ ਦਾ ਜਨਮ ਮਰਨ ਦਾ ਗੇੜ ਮੁਕਦਾ ਨਹੀਂ ਹੈ। ਸਲੋਕ ਦੇ ਅੰਤਲੇ ਪੜਾਅ ਵਿਚ ਹਜ਼ੂਰ ਗੁਰੂ ਨਾਨਕ ਪਾਤਸ਼ਾਹ ਸੋਝੀ ਦੇ ਰਹੇ ਹਨ ਕਿ ਨਿਰੀਆਂ ਗਿਆਨ ਦੀਆਂ ਸਖਣੀਆਂ, ਗੱਲਾਂ ਮਾਰਨ ਨਾਲ ਉਸ ਕਰਤਾਰ ਦੇ ਦਰ ਦੀ ਸੋਝੀ ਨਹੀਂ ਆਉਂਦੀ 'ਹਉਮੈ ਏਹੋ ਹੁਕਮੁ ਹੈ ਪਇਐ ਕਿਰਤ ਫਿਰਾਹਿ।' ਸੋ ਹੇ ਮਨੁੱਖਾ ਜੇ ਹਉਮੈ ਵਿਚੋਂ ਨਿਕਲਣਾ ਹੈ ਤਾਂ ਦਰਵਾਜ਼ਾ ਸੋ ਦਰਿ ਦਾ ਖੁੱਲ੍ਹਾ ਹੈ। ਮੈਂ ਮੇਰੀ ਨੂੰ ਮਾਰ ਕੇ ਓਸ ਦੇ ਦਰ ਤੇ ਪਰਵਾਣ ਹੋ ਸਕਦਾ ਹੈਂ। ਭਾਵ ਜਿਹਾ ਤੂੰ ਆਪਣੇ ਅੰਦਰ ਦੁੱਖ ਦੀ ਪੀੜਾ ਤੇ ਅਨੰਦ ਦੇਖਦਾ ਹੈਂ ਐਸਾ ਹੀ ਦੂਜਿਆਂ ਵਿਚ ਵੇਖਣ ਦਾ ਯਤਨ ਕਰ। ਇਹੋ ਜਿਹੀ ਅਵਸਥਾ ਵਿਚ ਤੇਰੀ ਦੂਜੈਗੀ ਮੁੱਕ ਜਾਏਗੀ।

ਜਿਉ ਮਨੁ ਦੇਖਹਿ ਪਰ ਮਨੁ ਤੈਸਾ ਜੈਸੀ ਮਨਸਾ ਤੈਸੀ ਦਸਾ।

(ਪ੍ਰਭਾਤੀ ਮ: ੧)

ਸੋ ਇਹ ਗਿਆਨ ਦ੍ਰਿਸ਼ਟੀ 'ਹਉਮੈ ਬੂਝੈ' ਵਾਲੀ ਕਿੰਝ ਆਵੇ ? ਇਸ ਦਾ ਵੇਰਵਾ ਅਗਲੇ ਸਲੋਕ ਵਿਚ ਹੈ।

ਸਲੋਕ ਮਹਲਾ ੨

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ।
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ।
ਹਉਮੈ ਏਹੋ ਹੁਕਮੁ ਹੈ ਪਇਐ ਕਿਰਤ ਫਿਰਾਹਿ।
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ।੧।

ਵਿਆਖਿਆ:—ਸੋ ਸਲੋਕ ਦਾ ਭਾਵ ਇਹ ਹੈ ਕਿ ਜੋ ਜੀਵ ਦਿਸ ਰਹੇ ਹਨ, ਹਉਂ ਕਰਕੇ ਹੀ ਇਨ੍ਹਾਂ ਦਾ ਆਉਣ ਜਾਣ ਦਾ ਗੇੜ ਬਣਿਆ ਹੈ ਜੋ ਰੋਗ ਰੂਪ ਬਣ ਗਿਆ ਹੈ, ਉਸ ਦਾ ਦਾਰੂ ਨਾਮ ਹੈ। ਨਾਮ ਤੋਂ ਬਿਨ੍ਹਾਂ ਹਉਮੈ ਤੋਂ ਉਪਜੇ ਦੁੱਖਾਂ ਦੀ ਪੀੜਾ ਵਿਆਕੁਲ ਕਰਦੀ ਹੈ ਅਤੇ ਭੋਗ ਕੌੜੇ ਲੱਗਦੇ ਹਨ। ਮਨ ਬਚਾਉ ਦੇ ਰਸਤੇ ਭਾਲਦਾ ਹੈ, ਹਜ਼ੂਰ ਗੁਰੂ ਅਰਜਨ ਪਾਤਸ਼ਾਹ ਬਾਵਨ ਅਖਰੀ ਵਿਚ ਇਸ ਦਾ ਇਉਂ ਵਰਣਨ ਕਰਦੇ ਹਨ:—

ਅਹੰਬੁਧਿ ਬੰਧਨ ਨ ਪਰੇ ਨਾਨਕ ਨਾਮ ਛੁਟਾਰ।

ਸੋ ਵਾਹਿਗੁਰੂ ਦੀ ਮਿਹਰ ਸਦਕਾ ਸ਼ਬਦ ਰਾਹੀਂ ਹਉਮੈ ਦਾ ਭਾਰ ਮੁਕਣਾ ਸ਼ੁਰੂ ਹੋ ਜਾਂਦਾ ਹੈ ਤੇ ਸੰਗਤ ਨਾਲ ਮਿਲਾਪ ਕਰਕੇ ਗੁਰੂ ਦੇ ਦਿੱਤੇ ਨਾਮ ਦਾਰੂ ਰਾਹੀਂ ਹਉਂ ਤੋਂ

ਛੁਟਕਾਰਾ ਹੋ ਜਾਂਦਾ ਹੈ । ਉਪਰੋਕਤ ਸਲੋਕ ਵਿਚ ਗੁਰੂ ਅੰਗਦ ਦੇਵ ਜੀ ਨੇ ਘੁੰਡੀ ਖੋਲ੍ਹ ਦਿੱਤੀ ਹੈ ਕਿ ਸ਼ਬਦ ਰਾਹੀਂ ਮਾੜੇ ਕਰਮ ਜੀਵ ਤੋਂ ਛੁੱਟ ਸਕਦੇ ਹਨ ਤੇ ਫਿਰ ਅਵਸਥਾ ਇੰਜ ਹੋ ਜਾਂਦੀ ਹੈ।

ਕਾਹੂ ਫਲ ਕੀ ਇਛਾ ਨਹੀ ਬਾਛੈ ।
ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥ (ਗਉੜੀ ਸੁਖਮਨੀ ਮ: ੫)

ਇਹੋ ਹੀ ਤਰੀਕਾ ਹੈ ਕਰਮ ਜਾਲ ਤੋਂ ਛੁੱਟਣ ਦਾ । ਸੋ ਸਰੀਰ ਦੇ ਹੁੰਦਿਆ ਹੀ ਮਾੜੇ ਕੰਮਾਂ ਤੋਂ ਉੱਚਾ ਹੋ ਕੇ ਨਿਸ਼ਕਾਮ ਧਾਰਣੀ ਭਾਵ ਪਰਮੇਸ਼ਵਰ ਦਾ ਪਿਆਰਾ ਹੋ ਜਾਈਦਾ ਹੈ ਤੇ ਹਉਂ ਦੇ ਜਾਲ ਤੋਂ ਮੁਕਤੀ ਮਿਲ ਸਕਦੀ ਹੈ, ਇਸ ਦਾ ਜ਼ਿਕਰ ਅੱਗੇ ਪਉੜੀ ਵਿਚ ਨਿਰੂਪਤ ਹੋਇਆ ਹੈ।

**ਪਉੜੀ** :—ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ।
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ।
ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ।
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ।
ਵਡਿਆਈ ਵਡਾ ਪਾਇਆ ।੭।

ਵਿਆਖਿਆ :—ਸੱਚੀ ਸੇਵਾ ਸੰਤੋਖੀ ਪੁਰਖ ਹੀ ਕਰ ਸਕਦੇ ਹਨ । ਜਿਨ੍ਹਾਂ ਨਿਰੋਲ ਸੱਚ (ਅਕਾਲ ਪੁਰਖ) ਦੀ ਆਰਾਧਨਾ ਕੀਤੀ ਹੈ। ਉਨ੍ਹਾਂ ਦੇ ਫਿਰ ਮਾੜੇ ਪਾਸੇ ਵੱਲ ਪੈਰ ਨਹੀਂ ਜਾਂਦੇ ਭਾਵ ਮਨ ਮੰਦੇ ਕੰਮਾਂ ਵਾਲੇ ਪਾਸੇ ਦੌੜਨ ਤੋਂ ਰੁਕ ਜਾਂਦਾ ਹੈ। ਸੰਤੋਖੀ ਪੁਰਖ ਦੀ ਪਛਾਣ ਹੈ ਕਿ ਉਹ ਥੋੜ੍ਹਾ ਹੀ ਖਾਂਦਾ ਹੈ ਤੇ ਥੋੜ੍ਹਾ ਹੀ ਸੌਂਦਾ ਹੈ ਜਿਵੇਂ ਸਾਹਿਬ ਦਸਵੇਂ ਪਾਤਸ਼ਾਹ ਦਾ ਵੀ ਫੁਰਮਾਨ ਹੈ :

ਅਲਪ ਅਹਾਰੁ ਸਲੂਪਿ ਸੀ ਨਿੰਦਰਾ ਦਯਾ ਛਮਾ ਤਨ ਪ੍ਰੀਤ ।

ਸੋ ਐਸੇ ਸੰਤੋਖੀ ਪੁਰਖ ਤੇ ਪਰਮੇਸ਼ਵਰ ਦੀ ਮਿਹਰ ਹੁੰਦੀ ਹੈ ਤੇ ਉਹ ਓਸੇ ਦੀ ਵਡਿਆਈ ਕਰ ਕੇ ਭਾਵ ਗੁਣ ਗਾ ਕੇ ਉਸ ਵਿਚ ਹੀ ਸਮਾ ਜਾਂਦਾ ਹੈ।

**ਪਉੜੀ ਤੇ ਸਲੋਕ ਦਾ ਸੁਮੇਲ** :—ਪਉੜੀ ਛੇਵੀਂ ਦੇ ਅੰਤ ਵਿਚ 'ਸਚੇ ਸਿਉ ਚਿਤੁ ਲਾਇਆ' ਬਚਨ ਕੀਤਾ ਹੈ ਤੇ ਸਤਵੀਂ ਪਉੜੀ ਵਿਚ 'ਸਚੋ ਸਚੁ ਧਿਆਇਆ' ਕਿਹਾ ਹੈ। ਸੋ ਮਜ਼ਮੂਨ ਦੀ ਆਪਸੀ ਮਿਲਨਤਾ ਹੈ। ਦੋ ਸਲੋਕ ਜੋ ਇਸ ਸਤਵੀਂ ਪਉੜੀ ਤੋਂ ਪਹਿਲਾਂ ਹਨ, ਉਹ ਦੋਹਰਾ ਚਾਨਣ ਪਾਉਂਦੇ ਹਨ। ਸੋ ਹਉਮੈ ਨੂੰ ਦੀਰਘ ਰੋਗ ਦੱਸਕੇ ਨਾਲ ਹੀ ਇਸ ਦਾ ਇਲਾਜ ਪਹਿਲੇ ਸਲੋਕ ਵਿਚ ਦਾਰੂ ਦੱਸਿਆ ਹੈ। 'ਹਉਮੈ ਬੂਝੈ ਤਾ ਦਰੁ ਸੂਝੈ।' ਦੂਜੇ ਸਲੋਕ ਵਿਚ ਸਾਹਿਬ ਗੁਰੂ ਅੰਗਦ ਦੇਵ ਜੀ ਨੇ ਪੱਕਾ ਕੀਤਾ ਹੈ ਕਿ 'ਗੁਰ ਕਾ ਸਬਦ' ਹੀ ਹਉਮੈ ਰੂਪੀ ਰੋਗ ਨੂੰ ਦੂਰ ਕਰ ਸਕਦਾ ਹੈ । ਪਹਿਲਾ ਸਲੋਕ ਤੇ ਪਉੜੀ ਗੁਰੂ ਨਾਨਕ ਪਾਤਸ਼ਾਹ ਦੀ ਰਚਨਾ ਹੈ ਅਤੇ ਵਿਚਲਾ ਸਲੋਕ ਦੇ ਕੇ ਗੁਰੂ ਦੂਜੀ ਪਾਤਸ਼ਾਹੀ ਨੇ ਦਾਰੂ ਨਾਮ ਦੀ ਪ੍ਰੋੜਤਾ ਕੀਤੀ ਹੈ ਜੀਓ। (ਚਲਦਾ)

# ਕੀਰਤਨ ਕਲਾ ਦੀ ਸਾਂਭ

ਹਰਜਾਪ ਸਿੰਘ ਅਮਰੀਕਾ

1947 ਵਿਚ ਪੰਜਾਬ ਦੇ ਬਟਵਾਰੇ ਦੇ ਕਈ ਅਜਿਹੇ ਪ੍ਰਭਾਵ ਹਨ ਜੋ ਸਦੀਵੀ ਹਨ। ਸਾਂਝੇ ਪੰਜਾਬ ਵਿਚ ਗੁਰਸਿੱਖ ਕੀਰਤਨੀਆਂ ਤੋਂ ਅਲਾਵਾ ਅਨੇਕਾਂ ਰਬਾਬੀ ਕੀਰਤਨੀਏ ਭੀ ਸਨ ਜੋ ਬਾਣੀ ਕੰਠ ਕਰਨ ਪੱਖੋਂ ਭਾਵੇਂ ਏਨੇ ਮਸ਼ਹੂਰ ਨਹੀ ਸਨ ਲੇਕਿਨ ਰਾਗ ਵਿਦਿਆ ਦੇ ਖੇਤਰ ਵਿੱਚ ਬੇ-ਜੋੜ ਸਨ। ਰਬਾਬੀ ਕੀਰਤਨੀਆਂ ਵਿਚੋਂ ਅਨੇਕਾਂ ਬਟਵਾਰੇ ਸਮੇਂ ਪਾਕਿਸਤਾਨ ਮੁੰਤਕਿਲ ਹੋ ਗਏ। ਇਹ ਘਾਟਾ ਅਜੇ ਤਾਈਂ ਮਹਿਸੂਸ ਕੀਤਾ ਜਾ ਰਿਹਾ ਹੈ। ਸ਼ਾਇਦ ਇਹ ਸਦੀਵੀ ਘਾਟਾ ਹੀ ਹੋਵੇ।

ਬਟਵਾਰੇ ਸਮੇਂ ਲਗ ਭਗ ਅੱਧੀ ਸਿੱਖ ਵੱਸੋਂ ਪਾਕਿਸਤਾਨ ਤੋਂ ਨਕਲਮ਼ਕਾਨੀ ਕਰਕੇ ਭਾਰਤ ਆਈ। ਲੁੱਟ ਮਾਰ ਏਨੀ ਹੋਈ ਕਿ ਅਨੇਕਾਂ ਸਿੱਖ ਕੇਵਲ ਤਿੰਨੀ ਕੱਪੜੀਂ ਹੀ ਭਾਰਤ ਆਏ। ਜਿਨ੍ਹਾਂ ਲੋਕਾਂ ਨੇ ਆਪਣੇ ਜੀਵਨ ਵਿਚ ਖੁਸ਼ਹਾਲੀ ਵੇਖੀ ਹੋਵੇ ਉਹ ਇਕ ਦਮ ਗੁਰਬਤ ਵਿਚ ਆ ਗਏ ਹੋਣ ਉਨ੍ਹਾਂ ਵਾਸਤੇ ਇਸ ਤਰ੍ਹਾਂ ਦੇ ਜੀਵਨ ਵਿਚ ਬੱਝੇ ਰਹਿਣਾ ਨਾ-ਮੁਮਕਿਨ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਗਰੀਬੀ ਦੀ ਲਾਹਣਤ ਨੂੰ ਗਲੋਂ ਲਾਹੁਣ ਵਾਸਤੇ ਸਿੱਖਾਂ ਨੇ ਸਾਰਾ ਤਰਾਣ ਮਿਹਨਤ ਕਰਨ ਵਿਚ ਲਗਾ ਦਿੱਤਾ ਤਾਂ ਕਿ ਖੁਸ਼ਹਸੀਅਤੀ ਹਾਸਿਲ ਕੀਤੀ ਜਾ ਸਕੇ।

ਜਦੋਂ ਇਨਸਾਨ ਮਿਹਨਤ ਕਰਦਾ ਹੈ ਤਾਂ ਕੋਮਲ ਹੁਨਰਾਂ ਦੀ ਕਦਰ ਕਰ ਸਕਣ ਦਾ ਉਸ ਕੋਲ ਸਮਾਂ ਭੀ ਨਹੀਂ ਹੁੰਦਾ। ਸਿੱਖਾਂ ਦਾ 1947 ਤੋਂ ਬਾਦ ਇਹੋ ਹੀ ਆਲਮ ਸੀ। ਬਟਵਾਰੇ ਤੋਂ ਬਾਅਦ ਦੇ ਪਹਿਲੇ 25 ਵਰ੍ਹੇ ਅਜਿਹੇ ਸਨ ਜਿਨ੍ਹਾਂ ਵਿਚ ਕੀਰਤਨ ਕਲਾ ਦਾ ਸਤਿਕਾਰ ਯੋਗ ਅਨੁਪਾਤ ਵਿਚ ਨਹੀਂ ਹੋ ਸਕਿਆ। ਇਨ੍ਹਾਂ ਢਾਈ ਦਹਾਕਿਆਂ ਵਿਚ ਅਨੇਕਾਂ ਨਿਪੁੰਨ ਕੀਰਤਨੀਏ ਸਾਡੇ ਦਰਮਿਆਨ ਵਿੱਚੋਂ ਉਠ ਗਏ।

ਅੱਜ ਦੇ ਸਮੇਂ ਜਦੋਂ ਸਿੱਖ ਪਰਿਵਾਰ ਕੀਰਤਨ ਕਲਾ ਦੀ ਕਦਰ ਕਰਨ ਵਿਚ ਸਮਰੱਥ ਹਨ ਤਾਂ ਹੁਣ ਕਦਾਵਾਨ ਕੀਰਤਨੀਆਂ ਦੀ ਘਾਟ ਹੈ। ਗੁਰ ਦਰਬਾਰਾਂ ਦੀਆਂ ਕੀਰਤਨ ਰੀਤਾਂ ਜੋ ਇਸ ਸਦੀ ਦੇ ਪਹਿਲੇ ਅੱਧ ਵਿਚ ਗੁਰੂ ਘਰਾਂ ਦਾ ਸ਼ਿੰਗਾਰ ਸਨ ਹੁਣ ਚੰਦ ਇਕ ਰਾਗੀਆਂ ਦੇ ਕੋਲ ਹੀ ਹਨ।

ਇਕ ਵਾਰੀ ਭਾਈ ਗੁਰਚਰਨ ਸਿੰਘ (ਸਪੁੱਤਰ ਭਾਈ ਜਵਾਲਾ ਸਿੰਘ ਜੀ) ਵਿਚਾਰਾਂ ਕਰਦੇ ਆਖਣ ਲੱਗੇ ਕਿ ਗੁਰੂ ਸਾਹਿਬਾਨ ਦੇ ਵਕਤਾਂ ਤੋਂ ਪ੍ਰਚਲਤ ਰੀਤਾਂ ਅੱਜ ਤੋਂ 30 ਵਰ੍ਹੇ ਪਹਿਲਾਂ ਬਹੁਤ ਸਾਰੇ ਰਾਗੀ ਸਿੰਘਾਂ ਕੋਲ ਮਹਿਫੂਜ਼ ਸਨ। ਪਿਛਲੇ 25 ਵਰ੍ਹਿਆਂ ਵਿਚ ਅਜਿਹੇ ਰਾਗੀ ਸਿੰਘਾਂ ਵਿਚੋਂ ਵਧੇਰੇ ਸਵਰਗਵਾਸ ਹੋ ਚੁੱਕੇ ਹਨ। ਭਾਈ ਸਾਹਿਬ ਦੇ ਕਥਨ ਅਨੁਸਾਰ 1990 ਦੇ ਅੰਤ ਤਕ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਭੂਤ ਪੂਰਵਕ ਹਜ਼ੂਰੀ ਰਾਗੀ ਭਾਈ ਹਰੀ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਅਤੇ ਮੌਜੂਦਾ ਹਜ਼ੂਰੀ

ਰਾਗੀ ਭਾਈ ਬਲਬੀਰ ਸਿੰਘ ਤੋਂ ਛੁੱਟ ਸ਼ਾਇਦ ਹੀ ਕੋਈ ਹੋਰ ਅਜਿਹਾ ਜਥਾ ਹੋਵੇ ਜੋ ਧੁਰ ਗੁਰੂ ਦਰਬਾਰਾਂ ਦੀਆਂ ਮੂਲ ਰੀਤਾਂ ਵਿਚ ਕੀਰਤਨ ਕਰ ਸਕਦਾ ਹੈ। ਇਕ ਹੋਰ ਭਾਈ ਲਾਲ ਸਿੰਘ ਜੀ ਮੇਰਠ ਵਾਲੇ ਭੀ ਪੜਤਾਲਾਂ ਅਤੇ ਧਰੁਪਦ ਸ਼ੈਲੀ ਵਿਚ ਕੀਰਤਨ ਕਰ ਸਕਦੇ ਹਨ। ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਹੋਰਾਂ ਕੋਲ ਤਾਂ ਸਿੱਖ ਸੰਗੀਤ ਦਾ ਅਨਮੋਲ ਖਜ਼ਾਨਾ 500 ਨਿਖੜਵੀਆਂ ਰੀਤਾਂ ਦੇ ਰੂਪ ਵਿਚ ਮੌਜੂਦ ਹੈ ਜੋ ਸ਼ਾਇਦ ਆਪਣੇ ਆਪ ਵਿਚ ਇਹੋ ਜਿਹਾ ਸਭ ਤੋਂ ਵੱਡਾ ਖਜ਼ਾਨਾ ਹੋਵੇ। ਦਾਸ ਦੀ ਗੱਲ ਵਿਚੋਂ ਹੀ ਟੋਕ ਕੇ ਭਾਈ ਸਾਹਿਬ ਆਖਣ ਲੱਗੇ ਕਿ ਭਾਈ ਬਲਬੀਰ ਸਿੰਘ ਹੋਰਾਂ ਕੋਲ ਮੌਜੂਦ ਕੀਰਤਨ ਕਲਾ ਦਾ ਸਮੁੰਦਰ ਅਜੇ ਕਿਸੇ ਨੇ ਛੋਹਿਆ ਭੀ ਨਹੀ ਹੈ। ਪਤਾ ਨਹੀਂ ਕਿੰਨੀਆਂ ਕੁ ਦੁਰਲੱਭ ਰੀਤਾਂ ਭਾਈ ਬਲਬੀਰ ਸਿੰਘ ਆਪਣੇ ਜ਼ਹੀਨ ਦਿਮਾਗ਼ ਵਿਚ ਸਾਂਭੀ ਬੈਠੇ ਹਨ। ਕਿਸੇ ਹੋਰ ਰਾਗੀ ਪ੍ਰਤੀ ਅਜਿਹੇ ਪ੍ਰਸੰਸ਼ਾ ਭਰੇ ਵਿਚਾਰ ਸੁਣ ਕੇ ਦਾਸ ਦਾ ਮਨ ਬਹੁਤ ਪ੍ਰਸੰਨ ਹੋਇਆ।

ਦਸੰਬਰ ਵਿਚ ਭਾਈ ਬਖਸ਼ੀਸ਼ ਸਿੰਘ ਹੋਰੀ ਕਤਲ ਹੋ ਗਏ ਅਤੇ ਜਨਵਰੀ ਵਿਚ ਭਾਈ ਦਿਦਾਰ ਸਿੰਘ ਸਦੀਵੀ ਵਿਛੋੜਾ ਦੇ ਗਏ ਇਨ੍ਹਾਂ ਰਾਗੀ ਸਿੰਘਾਂ ਦੀ ਕੀਰਤਨ ਕਲਾ ਦੀ ਸਾਂਭ ਕਰਨ ਦੀਆਂ ਰੀਝਾਂ ਦਿਲਾਂ ਦੀਆਂ ਦਿਲਾਂ ਵਿਚ ਹੀ ਰਹਿ ਗਈਆਂ। ਸਮਾਂ ਬਹੁਤ ਤੇਜ਼ੀ ਨਾਲ ਬੀਤ ਰਿਹਾ ਹੈ ਅਸੀਂ ਇਸ ਦੌੜ ਵਿਚ ਪਛੜ ਰਹੇ ਹਾਂ। ਜੋ ਰਾਗੀ ਸਿੰਘ ਬਚੇ ਹਨ ਉਨ੍ਹਾਂ ਦੀ ਕੀਰਤਨ ਕਲਾ ਦੀ ਸਾਂਭ ਵਾਸਤੇ ਕੋਈ ਉਪਰਾਲੇ ਕਰੀਏ ਨਹੀਂ ਤਾਂ ਸਮਾਂ ਸਾਨੂੰ ਬਖਸ਼ੇਗਾ ਨਹੀਂ।

ਬਰਤਾਨੀਆਂ ਦੇ ਕਈ ਭਾਗਾਂ, ਜਿਨ੍ਹਾਂ ਵਿਚ ਵੇਲਜ਼, ਸਕੌਟਲੈਂਡ ਅਤੇ ਉਤਰੀ ਇੰਗਲੈਂਡ ਸ਼ਾਮਿਲ ਹਨ ਵਿਚ ਲੋਕ ਗੀਤਾਂ ਦੀ ਪੁਰਾਤਨ ਪਰੰਪਰਾ ਸਦੀਆਂ ਤੋਂ ਕਾਇਮ ਸੀ। ਗਰਾਮੋਫ਼ੋਨ ਦੇ ਆਗਮਨ ਨਾਲ ਅਮਰੀਕੀ ਪ੍ਰਾਤਨ ਪ੍ਰਯੋਗਵਾਦੀ ਸੰਗੀਤ ਸਾਰੇ ਅੰਗਰੇਜ਼ੀ ਬੋਲਦੇ ਜਗਤ ਵਿਚ ਪਰਧਾਨ ਹੋਣ ਲੱਗਾ। ਕਈ ਬੁੱਧੀ ਜੀਵੀਆਂ ਨੂੰ ਇਹ ਡਰ ਪੈ ਗਿਆ ਕਿ ਕਿਤੇ ਬਰਤਾਨੀਆਂ ਦਾ ਅਮੀਰ ਲੋਕ ਸੰਗੀਤ ਦਾ ਵਿਰਸਾ ਸਦਾ ਦੀ ਨੀਂਦਰੇ ਨਾ ਸੌਂ ਜਾਵੇ। ਇਸ ਹੁਨਰ ਨੂੰ ਸਾਂਭਣ ਵਾਸਤੇ ਪੁਰਾਣੇ ਕਲਾਕਾਰਾਂ ਨੂੰ ਢੂੰਢਿਆ ਗਿਆ ਅਤੇ ਉਨ੍ਹਾਂ ਦੀਆਂ ਲੋਕ ਤਰਜ਼ਾਂ ਲਾਖ਼ ਦੇ ਰਿਕਾਰਡਾਂ ਉਪਰ ਸਦੀਵੀ ਤੌਰ ਤੇ ਸਾਂਭ ਲਈਆਂ ਗਈਆਂ ਅੱਜ ਇਹ ਰਿਕਾਰਡ ਬੀ. ਬੀ. ਸੀ. ਲੰਡਨ ਅਤੇ ਹੋਰ ਅਜਾਇਬ ਘਰਾਂ ਵਿਚ ਸਾਂਭੇ ਪਏ ਹਨ।

ਇਸ ਤੋਂ ਪਹਿਲਾਂ ਕਿ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰਾਂ ਵਿਚ ਪ੍ਰਚੱਲਤ ਸ਼ਬਦ ਗਾਇਨ ਰੀਤਾਂ ਨੂੰ ਗਾਉਣ ਵਾਲੇ ਰਾਗੀ ਸਿੰਘ ਸਾਡੇ ਦਰਮਿਆਨ ਵਿੱਚੋਂ ਪੂਰੀ ਤਰ੍ਹਾਂ ਉਠ ਜਾਣ ਸਾਡੀ ਕੌਮ ਨੂੰ ਜਾਗਣਾ ਚਾਹੀਦਾ ਹੈ। ਭਾਈ ਅਵਤਾਰ ਸਿੰਘ' ਗੁਰਚਰਨ ਸਿੰਘ ਹੋਰਾਂ ਦੀਆਂ ਰੀਤਾਂ ਦੀਆਂ ਰਿਕਾਰਡਿੰਗਜ਼ ਮਿਲ ਸਕਦੀਆਂ ਹਨ ਪਰ ਇਹ 1960 ਦੇ ਦਹਾਕੇ ਦੀਆਂ ਰਿਕਾਰਡ ਕੀਤੀਆਂ ਹੋਈਆਂ ਹਨ। ਉਨ੍ਹਾਂ ਦਿਨਾਂ ਵਿਚ ਰਿਕਾਰਡਿੰਗ ਦੇ ਸਾਧਨ ਭੀ ਬਹੁਤੇ ਆਧੁਨਿਕ ਨਹੀਂ ਸਨ

ਅਤੇ ਰਿਕਾਰਡਿੰਗ ਭੀ ਮੋਨੋ ਸੀ। ਅੱਜ ਕੱਲ੍ਹ ਸਟੀਰੀਓ ਰਿਕਾਰਡਿੰਗ ਦਾ ਨਵੀਨਤਮ ਸਾਜ਼ ਸਾਮਾਨ ਮੌਜੂਦ ਹੈ। ਕਿਉਂ ਨਾ ਇਹ ਰਿਕਾਰਡਿੰਗਜ਼ ਦੁਬਾਰਾ ਕਰ ਲਈਆਂ ਜਾਣ।

ਵਧੇਰੇ ਲੋੜ ਭਾਈ ਬਲਬੀਰ ਸਿੰਘ ਹੋਰਾਂ ਦੀ ਕਲਾ ਦੀ ਸਾਂਭ ਦੀ ਹੈ। ਇਹ ਜਿੰਮੇਵਾਰੀ ਰੇਡੀਓ ਸਟੇਸ਼ਨਾਂ ਦੀ ਹੈ, ਯੂਨੀਵਰਸਿਟੀਆਂ ਦੀ ਹੈ ਅਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨਜ਼ ਦੀ ਹੈ। ਇਕੱਲੇ ਆਦਮੀ ਦੇ ਕਰਨ ਦਾ ਇਹ ਕੰਮ ਨਹੀਂ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਮਾਲੀ ਹਾਲਤ ਸ਼ਾਇਦ ਬਹੁਤੀ ਸੁਖਾਵੀਂ ਨਾ ਹੋਵੇ ਪ੍ਰੰਤੂ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਮਾਲੀ ਪੱਖੋਂ ਸੌਖੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਭਾਈ ਬਲਬੀਰ ਸਿੰਘ ਹੋਰਾਂ ਨੂੰ ਜਥੇ ਸਮੇਤ ਦਿੱਲੀ ਆਮੰਤਰਤ ਕਰਨ ਅਤੇ ਬੜੇ ਅਰਾਮ ਇਤਮਿਨਾਨ ਨਾਲ ਉਨ੍ਹਾਂ ਦੀਆਂ ਰੀਤਾਂ ਨੂੰ ਰਿਕਾਰਡ ਕਰ ਲੈਣ। ਦਿੱਲੀ ਵਿਚ ਰਿਕਾਰਡਿੰਗ ਦਾ ਸਾਜ਼-ਓ-ਸਮਾਨ ਭੀ ਨਿਹਾਇਤ ਆਧੁਨਿਕ ਹੈ। ਸਰਬ ਸਾਂਝੀ ਗੁਰਬਾਣੀ ਵਰਗੀ ਸੰਸਥਾ ਰਿਕਾਰਡਿੰਗ ਦੀ ਸੇਵਾ ਖੁਦ ਕਰੇ। ਮੂਲ ਟੇਪ ਬਹੁਤ ਵਧੀਆ ਕਿਸਮ ਦੀ ਜਪਾਨੀ ਟੇਪ ਹੋਵੇ ਜਿਸ ਦੀ ਉਮਰ ਭਾਰਤੀ ਟੇਪਸ ਦੇ ਮੁਕਾਬਲੇ ਵਿਚ ਬਹੁਤ ਵੱਧ ਹੁੰਦੀ ਹੈ। ਅੱਜ ਕੱਲ੍ਹ ਡਿਜਿਟਲ ਰਿਕਾਰਡਿੰਗ ਦਾ ਭੀ ਪ੍ਰਬੰਧ ਹੈ ਜਿਸ ਵਿਚ ਆਵਾਜ਼ ਬਹੁਤ ਸਾਫ ਰਿਕਾਰਡ ਹੁੰਦੀ ਹੈ। ਕੌਂਪੈਕਟ ਡਿਸਕ ਉਪਰ ਭੀ ਨਫ਼ੀਸ ਰਿਕਾਰਡਿੰਗ ਹੋ ਸਕਦੀ ਹੈ।

ਭਾਈ ਹਰੀ ਸਿੰਘ ਜੀ ਦੀਆਂ ਰੀਤਾਂ ਭੀ ਰਿਕਾਰਡ ਕਰ ਲੈਣੀਆਂ ਚਾਹੀਦੀਆਂ ਹਨ। ਯਤਨ ਕਰਨਾ ਚਾਹੀਦਾ ਹੈ ਕਿ ਔਡੀਓ ਟੇਪ ਦੇ ਨਾਲ ਨਾਲ ਹੀ ਵੀਡੀਓ ਟੇਪ ਤੇ ਭੀ ਰਿਕਾਰਡਿੰਗ ਕਰ ਲਈ ਜਾਵੇ ਅੱਜ ਕੱਲ੍ਹ ਟੈਲੀਵੀਯਨ ਦਾ ਯੁੱਗ ਹੈ, ਕਿਉਂ ਨਾ ਵੀਡੀਓ ਟੇਪ ਉਪਰ ਗੁਰਮਤਿ ਸੰਗੀਤ ਕਲਾ ਦੀ ਸਦੀਵੀ ਸਾਂਭ ਕੀਤੀ ਜਾਵੇ।

ਅਜੇ ਪਤਾ ਨਹੀਂ ਕਿੰਨੇ ਪੁਰਾਤਨ ਕੀਰਤਨ ਕਲਾ ਨਿਪੁੰਨ ਕੀਰਤਨੀਏ ਗੁਮਨਾਮੀ ਦੇ ਹਨੇਰੇ ਵਿਚ ਛੁਪੇ ਪਏ ਹਨ। ਅਜਿਹੇ ਕੀਰਤਨੀਆਂ ਦੀ ਖੋਜ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਕਲਾ ਨੂੰ ਸੰਭਾਲਣਾ ਚਾਹੀਦਾ ਹੈ।

ਸਵਰਗਵਾਸੀ ਭਾਈ ਸਰਮੁਖ ਸਿੰਘ ਜੀ ਫੱਕਰ ਨਨਕਾਣਾ ਸਾਹਿਬ ਵਾਲਿਆਂ ਦੇ ਸਪੁੱਤਰ ਸਵਰਗੀ ਭਾਈ ਜਗਤਾਰ ਸਿੰਘ ਜੀ ਨੇ ਇਕ ਵਾਰੀ ਦਾਸ ਨੂੰ ਦੱਸਿਆ ਸੀ ਕਿ ਰੇਡੀਓ ਪਾਕਿਸਤਾਨ ਲਾਹੌਰ ਵਿਖੇ ਸੰਗੀਤ ਦੇ ਸ਼ੋਬੇ ਦੇ ਇਕ ਪ੍ਰੋਡਿਊਸਰ ਭਾਈ ਗੁਲਾਮ ਹਸਨ ਸਗਨ ਕੀਰਤਨ ਕਲਾ ਦੀਆਂ ਦੁਰਲੱਭ ਬਾਰੀਕੀਆਂ ਜਾਣਦੇ ਹਨ, ਉਨ੍ਹਾਂ ਦੀ ਕੀਰਤਨ ਕਲਾ ਦੀ ਸਾਂਭ ਦੀ ਡਾਢੀ ਲੋੜ ਹੈ। ਇਸੇ ਹੀ ਤਰ੍ਹਾਂ ਅੱਜ ਕਲ੍ਹ ਦੇ ਭਾਈ ਲਾਲ (ਆਸ਼ਿਕ ਅਲੀ) ਕੀਰਤਨੀਏ ਜੋ ਲਹੌਰ ਵਿਖੇ ਵਸਦੇ ਹਨ ਉਨ੍ਹਾਂ ਦੇ ਕੋਲ ਭੀ ਕਈ ਅਨਮੋਲ ਕੀਰਤਨ ਰੀਤਾਂ ਦਾ ਖਜ਼ਾਨਾ ਹੈ। ਹਣ ਉਹ ਬਜ਼ੁਰਗੀ ਵਿਚ ਪੈਰ ਰੱਖ ਰਹੇ ਹਨ, ਉਨ੍ਹਾਂ ਦੀ ਕੀਰਤਨ ਕਲਾ ਭੀ ਸਾਂਭਣੀ ਚਾਹੀਦੀ ਹੈ। ਬਹੁਤ ਜਲਦੀ ਜਲਦੀ ਕਰਨ ਦੀ ਲੋੜ ਹੈ। ਸਮੇਂ ਨੇ ਸਾਡੀ ਉਡੀਕ ਨਹੀਂ ਕਰਨੀ।

ਅੰਮ੍ਰਿਤ ਕੀਰਤਨ ਟਰੱਸਟ ਨੂੰ ਭੀ ਚਾਹੀਦਾ ਹੈ ਕਿ ਤਮਾਮ ਧਨਾਢ ਸਿੱਖ ਸਾਹਿਬਾਨ ਅਤੇ ਸੰਸਥਾਵਾਂ ਨੂੰ ਸੁਚੇਤ ਕਰਨ ਕਿ ਪੁਰਾਤਨ ਕੀਰਤਨ ਕਲਾ ਦੇ ਅੱਖਾਂ ਮੀਟਣ ਤੋਂ ਪਹਿਲਾਂ ਪਹਿਲਾਂ ਸਿੱਖ ਜਗਤ ਇਸ ਕਲਾ ਦੀ ਸਾਂਭ ਕਰ ਲਵੇ। ਇਸ ਫਰਜ਼ ਵਿਚ ਕਤਾਹੀ ਇਕ ਇਤਿਹਾਸਕ ਭੁੱਲ ਹੋਵੇਗੀ। □

# ਮੁਲਾਕਾਤਾਂ


| ਰਚਨਾ | ਪੰਨੇ | ਅੰਕ |
|---|---|---|
| 1. ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਨਾਲ ਮੁਲਾਕਾਤ | 4 | ਅਗਸਤ--89 |
| 2: ਭਾਈ ਕਰਮ ਸਿੰਘ ਰਤਨ ਨਾਲ ਮੁਲਾਕਾਤ | 3 | ਦਸੰਬਰ—89 |
| 3. ਭਾਈ ਗੁਰਮੇਲ ਸਿੰਘ ਰਾਗੀ ਨਾਲ ਮੁਲਾਕਾਤ | 3 | ਮਾਰਚ—1990 |
| 4. ਭਾਈ ਬਲਬੀਰ ਸਿੰਘ ਰਾਗੀ ਨਾਲ ਮੁਲਾਕਾਤ | 5 | ਅਪ੍ਰੈਲ—1990 |
| 5. ਭਾਈ ਸੱਜਣ ਸਿੰਘ ਰਾਗੀ ਨਾਲ ਮੁਲਾਕਾਤ | 2 | ਜੁਲਾਈ—1990 |
| 6. ਭਾਈ ਗੁਰਮੇਜ ਸਿੰਘ ਜੀ ਨਾਲ ਮੁਲਾਕਾਤ | 4 | ਫਰਵਰੀ--1991 |


## ਸੁਰਲਿੱਪੀਆਂ


| | | |
|---|---|---|
| ਰਾਗ ਸਿਰੀ | 3 | ਜੂਨ—1989 |
| ਰਾਗ ਮਾਝ | 25 | ਜੁਲਾਈ—1939 |
| ਰਾਗ ਗਉੜੀ | 6 | ਅਗਸਤ—1989 |
| ਰਾਗ ਆਸਾ | 4 | ਸਤੰਬਰ—1989 |
| ਰਾਗ ਗੁਜਰੀ | 3 | ਅਕਤੂਬਰ—1989 |
| ਰਾਗ ਦੇਵ ਗੰਧਾਰੀ | 4 | ਨਵੰਬਰ—1989 |
| ਰਾਗ ਬਿਹਾਗੜਾ | 3 | ਦਸੰਬਰ—1989 |
| ਰਾਗ ਵਡਹੰਸ | 2 | ਜਨਵਰੀ ਫਰਵਰੀ—1990 |
| ਰਾਗ ਗੁਜਰੀ | 1 | ਮਾਰਚ—1990 |
| ਰਾਗ ਭੈਰਉ | 2 | ,, |
| ਰਾਗ ਬਿਲਾਵਲ | 2 | ਅਪ੍ਰੈਲ—1990 |
| ਰਾਗ ਹੰਸਧੁਨੀ | 2 | ,, |
| ਰਾਗ ਸਿੰਧੜਾ | 1 | ਮਈ—1990 |
| ਰਾਗ ਲਲਿਤ | 2 | , |
| ਰਾਗ ਬਿਲਾਵਲ | 1 | ਜੂਨ—1990 |
| ਰਾਗ ਸਾਰੰਗ | 1 | ,, |
| ਰਾਗ ਮਧੁਵੰਤੀ | 2 | ਜੁਲਾਈ—1990 |
| ਰਾਗ ਬਰਿੰਦਾਬਨੀ ਸਾਰੰਗ | 1 | , |
| ਰਾਗ ਬਿਲਾਵਲ | 2 | ਅਗਸਤ—1990 |
| ਰਾਗ ਤੁਖਾਰੀ | 2 | ,, |
| ਰਾਗ ਕਲਿਆਣ | 2 | ਸਤੰਬਰ—1990 |

| | | |
|---|---|---|
| ਰਾਗ ਭਿੰਨ ਸ਼ਡਜ | 3 | ਅਕਤੂਬਰ—1990 |
| ਰਾਗ ਭੁਪਾਲੀ (ਹਿੰਦੀ) | 1 | ,, |
| ਰਾਗ ਬਗੇਸ਼ਵਰੀ | 2 | ਨਵੰਬਰ—1990 |
| ਰਾਗ ਤਿਲੰਗ | 2 | ਦਸੰਬਰ—1990 |
| ਰਾਗ ਆਸਾ | 2 | ਜਨਵਰੀ—1991 |
| ਰਾਗ ਟੋਡੀ | 2 | ,, |
| ਰਾਗ ਬਸੰਤ | 4 | ਫਰਵਰੀ—1991 |
| ਰਾਗ ਧਨਾਸਰੀ | 2 | ਮਾਰਚ—1991 |
| ਰਾਗ ਕੇਦਾਰਾ | 2 | ਅਪ੍ਰੈਲ—1991 |
| ਰਾਗ ਆਸਾ | 2 | ਮਈ—1991 |

# ਸ਼ਬਦ-ਅਰਥ

## ਰਾਗ ਮਾਝ ਮਹਲਾ ੫

ਕਹਿਆ ਕਰਣਾ ਦਿਤਾ ਲੈਣਾ ॥ ਗਰੀਬਾ ਅਨਾਥਾ ਤੇਰਾ ਮਾਣਾ ॥ ਸਭ ਕਿਛੁ ਤੂੰ ਹੈ ਤੂੰ ਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥ ਭਾਣੈ ਉਝੜ ਭਾਣੈ ਰਾਹਾ ॥ ਭਾਣੈ ਹਰਿ ਗੁਣ ਗੁਰਮੁਖ ਗਾਵਾਹਾ ॥ ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ ॥੨॥ ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥ ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥ ਖਾਕੁ ਸੰਤਨ ਕੀ ਦੇਹੁ ਪਿਆਰੇ ॥ ਆਇ ਪਇਆ ਹਰਿ ਤੇਰੈ ਦੁਆਰੈ ॥ ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪

**ਅਰਥ** :—ਹੇ ਪ੍ਰਭੂ ! ਜੋ ਕੁਝ ਤੂੰ ਹੁਕਮ ਕਰਦਾ ਹੈਂ ਉਹੀ ਜੀਵ ਕਰਦੇ ਹਨ, ਜੋ ਕੁਝ ਤੂੰ ਦੇਂਦਾ ਹੈਂ, ਉਹੀ ਜੀਵ ਹਾਸਲ ਕਰ ਸਕਦੇ ਹਨ। ਗਰੀਬਾਂ ਤੇ ਅਨਾਥ ਜੀਵਾਂ ਨੂੰ ਤੇਰਾ ਹੀ ਸਹਾਰਾ ਹੈ। ਹ ਪਿਆਰੇ ਪ੍ਰਭੂ ! (ਜਗਤ ਵਿਚ) ਸਭ ਕੁਝ ਤੂੰ ਹੀ ਕਰ ਰਿਹਾ ਹੈਂ ਤੂੰ ਹੀ ਕਰ ਰਿਹਾ ਹੈਂ। ਮੈਂ ਤੇਰੀ ਸਮਰਥਾ ਤੋਂ ਸਦਕੇ ਜਾਂਦਾ ਹਾਂ।੧।

ਪਰਮਾਤਮਾ ਦੀ ਰਜ਼ਾ ਵਿਚ ਹੀ ਜੀਵ (ਜ਼ਿੰਦਗੀ ਦਾ) ਗਲਤ ਰਸਤਾ ਫੜ ਲੈਂਦੇ ਹਨ ਤੇ ਕਈ ਸਹੀ ਰਸਤਾ ਫੜਦੇ ਹਨ। ਪਰਮਾਤਮਾ ਦੀ ਰਜ਼ਾ ਵਿਚ ਕਈ ਜੀਵ ਗੁਰੂ ਦੀ ਸਰਨ ਪੈ ਕੇ ਹਰੀ ਦੇ ਗੁਣ ਗਾਂਦੇ ਹਨ। ਪ੍ਰਭੂ ਦੀ ਰਜ਼ਾ ਅਨੁਸਾਰ ਹੀ ਜੀਵ (ਮਾਇਆ ਦੇ ਮੋਹ ਦੀ) ਭਟਕਣਾ ਵਿਚ ਫਸ ਕੇ ਅਨੇਕਾਂ ਜੂਨਾਂ ਵਿਚ ਭੌਂਦਾ ਫਿਰਦਾ ਹੈ। (ਇਹ) ਸਭ ਕੁਝ ਉਸ ਪ੍ਰਭੂ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ।੨।

ਹੇ ਅਪਹੁੰਚ ਪ੍ਰਭੂ ! ਹੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਪ੍ਰਭੂ ! ਹੇ ਬੇਅੰਤ ਪ੍ਰਭੂ ! ਹੇ ਅਥਾਹ ਪ੍ਰਭੂ ! (ਆਪਣੀ ਸਮਰੱਥਾ ਨਾਲ) ਨਾਹ ਕੋਈ ਜੀਵ ਪੂਰਖ ਹੈ ਤੇ ਨਾਹ ਹੀ ਕੋਈ ਸਿਆਣਾ ਹੈ (ਜਗਤ ਵਿਚ ਜੋ ਕੁਝ ਹੋ ਰਿਹਾ ਹੈ) ਸਭ ਤੇਰਾ ਹੁਕਮ ਹੀ ਚੱਲ ਰਿਹਾ ਹੈ। ਤੇਰੇ ਬਰਾਬਰ ਦੀ ਕੋਈ ਸ਼ੈ ਦੱਸੀ ਨਹੀਂ ਜਾ ਸਕਦੀ।

ਹੇ ਪਿਆਰੇ ਹਰੀ ! ਮੈਂ ਤੇਰੇ ਦਰ ਤੇ ਆ ਡਿੱਗਾ ਹਾਂ, ਮੈਨੂੰ ਆਪਣੇ ਸੰਤਾਂ ਦੇ ਚਰਨਾਂ ਦੀ ਧੂੜ ਦੇਹ। ਹੇ ਨਾਨਕ ! (ਆਖ-ਪ੍ਰਮਾਤਮਾ ਦਾ) ਦਰਸਨ ਕੀਤਿਆਂ ਮਨ (ਦੁਨੀਆਂ ਦੇ ਪਦਾਰਥਾਂ ਵਲੋਂ) ਰੱਜ ਜਾਂਦਾ ਹੈ, ਤੇ ਉਸ ਦੀ ਰਜ਼ਾ ਅਨੁਸਾਰ ਉਸ ਨਾਲ ਮਿਲਾਪ ਹੋ ਜਾਂਦਾ ਹੈ ੪।੭।੧੪।

—0—

# ਰਾਗ ਮਾਝ

—ਸ. ਹਰਭਿਜਨ ਸਿੰਘ

ਰਾਗ —ਮਾਝ ॥ ਠਾਠ—ਖਮਾਜ ॥

ਇਸ ਰਾਗ ਵਿੱਚ ਦੋ ਗੰਧਾਰ, ਦੋ ਨਿਸ਼ਾਦ ਅਤੇ ਬਾਕੀ ਸਭ ਸੁਰ ਸ਼ੁੱਧ ਲਗਦੇ ਹਨ ॥

ਜਾਤੀ —ਔਡਵ—ਵਕਰ ਸੰਪੂਰਣ ॥ ਵਾਦੀ ਰਿਸ਼ਭ ਅਤੇ ਸੰਵਾਦੀ—ਪੰਚਮ ਹੈ ॥

ਸਮਾਂ—ਦਿਨ ਚੌਥਾ ਦਾ ਪਹਿਰ (3 ਤੋਂ 6 ਵਜੇ ਸ਼ਾਮ)

ਆਰੋਹ—ਸਾ ਰੇ ਮ ਧ ਨੀ ਸਂ ॥

ਆਵਰੋਹ——ਸਂ ਨੁ ਧ ਪ, ਧਮ ਗ ਮ, ਰੇ ਪ, ਗੁ ਰੇ ਗੁ, ਸ ਰੇ, ਨੁ ਸ ॥

ਪਕੜ—ਪ, ਧ ਮ ਗਮ, ਰੇ ਪ, ਮ ਗੁ, ਰੇ ਗੁ ਸਾ ਰੇ, ਨੀ ਸਾ ॥

ਇਕ ਤਾਲ

| ਅਸਥਾਈ | 1 | 2 | 34 | | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| (ੳ) | ਸਰੇ | ਰੇਪ | ਪਮ | ਮ | — | — | ਗ | ਮਗ | ਰੇਸ | ਸਗੁ | ਰਸ | ਨੁਧ |
| | ਕਹਿ | ਆ | ਕਰ | ਣਾ | S | S | ਦਿ | ਤਾ | ਲੈ | ਣਾ | S | Sਗ |
| (ਅ) | ਧਨੁ | ਸਰ | ਗੁ | ਰ | — | — | ਰ | ਗੁ | ਰਸ | ਸ | — | — |
| | ਰਾਂ | ਬਾਅ | ਨਾ | ਥਾ | S | S | ਤੇ | ਰਾ | ਮਾ | ਣਾ | S | S |
| (ੲ) | ਸਪ | ਪ | ਪਮ | ਮਧ | ਪਮ | ਮਗ | ਗਰੇ | ਗ | ਗਮ | ਗਮ | ਮ | — |
| | ਸਭ | ਕਿ | ਛੁ | ਤੂ | ਹੈ | Sਤੂੰ | ਹੈS | ਮੇ | ਰੇS | ਪਿਆ | ਰੇ | Sਤੇਰੀ |
| (ਸ) | ਗੁ | ਰ | ਸ | ਸਰ | ਗਮ | ਮੁ | ਗੁਰ | ਗੁਰ | ਸਨੁ | ਸ | — | — |
| | ਕੁਦ | ਰ | ਤਿ | ਕਉ | ਬS | ਲਿ | ਜਾ | ਈ | Sਜੀ | ਉ | S | S |
| ਅੰਤਰਾ : | | | | | | | | | | | | |
| (ਹ) | ਰਪ | ਪ | ਪਨੁ | ਨ | ਸਂ | — | ਨੁਧ | ਧ | ਨਸਂ | ਨੁਧ | ਪ | — |
| | ਭਾ | ਣੈ | S | ਉ | ਝ | ੜ | ਭਾ | ਣੈ | SS | ਰਾ | S | ਹਾ |
| (ਕ) | ਪਨੁ | ਪ | ਪ | ਮ ਗ | ਗ | ਗ | ਸਗ | ਮ | ਪਗ | ਪਮ | S | S |
| | ਭਾ | ਣੈ | S | ਹਰਿ | ਗੁ | ਣੁ | ਗੁਰ | ਮੁ | ਖਿਗਾ | ਵਾ | — | ਹਾ |
| (ਹ) | ਭਾ | ਣੈ | S | ਭ | ਰ | ਮਿ | ਭਵੈ | S | ਬਹੁ | ਜੂ | ਨੀ | — |
| (ਕ) | ਸਭ | ਕਿ | ਛੁ | ਤਿਸੈ | S | ਰ | ਜਾS | ਈS | Sਜੀ | ਉ | — | — |
| (ਸ) | ਸਭ | ਕਿ | ਛੁ | ਤਿਸੈ | S | ਰ | ਜਾS | ਈS | Sਜੀ | ਉ | — | — |

# ਕੀਰਤਨ ਕਲਾਸ

1. ਗੁਰੂ ਗੋਬਿੰਦ ਸਿੰਘ ਭਵਨ, ਮੱਧ ਮਾਰਗ, ਸੈਕਟਰ 15-ਏ ਚੰਡੀਗੜ੍ਹ ਵਿਖੇ ਸਵੇਰੇ 8 ਤੋਂ 12 ਵਜੇ ਤੱਕ ਕੀਰਤਨ ਦੀਆਂ ਕਲਾਸਾਂ ਲਗਦੀਆਂ ਹਨ ।
2. ਗੁਰਦੁਆਰਾ ਸਾਹਿਬ ਸੈਕਟਰ 11 ਚੰਡੀਗੜ੍ਹ ਵਿਖੇ ਸ਼ਾਮ ਨੂੰ 4 ਤੋਂ 6 ਵਜੇ ਤੱਕ ਕਲਾਸਾਂ ਲਗਦੀਆਂ ਹਨ ।
3. ਗੁ: ਸਾਚਾ ਧਨ ਫੇਜ 3-ਬੀ-1 ਮੁਹਾਲੀ ਵਿਖੇ ਕੀਰਤਨ ਕਲਾਸਾਂ ਸ਼ਾਮ ਨੂੰ 3 ਵਜੇ ਅਰੰਭ ਹੁੰਦੀਆਂ ਹਨ ।

# 'ਸੰਗੀਤ ਚੂੜਾਮਣਿ'

## (ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ)

'ਤਾਲੋਂ ਮੇਂ ਭੋਪਾਲ ਤਾਲ ਔਰ ਤੋ ਤਲੱਈਆ ਹੈ।' ਦੀ ਪ੍ਰਚੱਲਿਤ ਕਹਾਵਤ ਇਸ ਸ਼ਹਿਰ ਦੀ ਪਹਿਚਾਨ ਕਰਵਾਉਣ ਲਈ ਕਾਫੀ ਹੈ। ਤਾਲਾਬਾਂ ਦਾ ਇਹ ਸੁਹਣਾ ਸ਼ਹਿਰ ਜੋ ਭਾਰਤ ਦੇ ਮੱਧ ਵਿਚ ਦੇਸ਼ ਦਾ ਦਿਲ ਮਹਿਸੂਸ ਹੁੰਦਾ ਹੈ, ਸਾਰੇ ਵਿਸ਼ਵ ਵਿਚ ਤਦੋਂ ਚਰਚਾ ਦਾ ਵਿਸ਼ਾ ਬਣ ਗਿਆ ਜਦੋਂ 2 ਦਸੰਬਰ 1984 ਨੂੰ ਯੂਨੀਅਨ ਕਾਰਬਾਈਡ ਫੈਕਟਰੀ ਦੀ ਗੈਸ ਦੇ ਰਿਸਾਵ ਨੇ ਹਜ਼ਾਰਾਂ ਆਦਮੀਆਂ ਦੀ ਸੁੱਖ ਦੀ ਨੀਂਦ ਮੌਤ ਦੀ ਨੀਂਦ ਵਿਚ ਤਬਦੀਲ ਕਰ ਦਿੱਤੀ। ਜਿੱਥੇ ਇਸ ਸ਼ਹਿਰ ਵਿਚ ਇਸ ਭਿਆਨਕ ਕਾਂਡ ਦੀਆਂ ਨਿਸ਼ਾਨੀਆਂ ਅਜੇ ਵੀ ਕਾਇਮ ਹਨ, ਉਥੇ ਇਹ ਸ਼ਹਿਰ ਭਾਰਤ ਦੇ ਸਾਰੇ ਵੱਡੇ ਸ਼ਹਿਰਾਂ ਦੀ ਸੁੰਦਰਤਾ ਨੂੰ ਮਾਤ ਪਾਉਂਦਾ ਹੈ। ਇਸ ਸ਼ਹਿਰ ਦੀ ਰਾਤ ਦੇ ਮੌਸਮ ਦਾ ਆਨੰਦ ਮਾਣਿਆਂ ਹੀ ਬਣਦਾ ਹੈ। ਪਰ ਭਾਰਤ ਦਾ ਇਹ ਸਾਫ ਸੁਥਰਾ ਸ਼ਹਿਰ ਇਕ ਹੋਰ ਰੂਪ ਵਿਚ ਅੱਗੇ ਆਉਂਦਾ ਦਿੱਸਦਾ ਹੈ। ਇਹ ਸ਼ਹਿਰ ਭਾਰਤੀ ਸੰਗੀਤ ਦੀ ਰਾਜਧਾਨੀ ਦੇ ਰੂਪ ਵਿਚ ਵਿਕਸਿਤ ਹੋ ਰਿਹਾ ਹੈ। ਇਸ ਸੁਹਣੇ ਸ਼ਹਿਰ ਵਿਚ ਭਾਰਤ ਦੇ ਤਿੰਨ ਇਲਾਕਿਆਂ ਤੇ ਵੱਖਰੇ ਸਭਿਆਚਾਰਾਂ ਦੇ ਸੰਗਠਿਤ ਲੋਕਾਂ ਦਾ ਨਿਵਾਸ ਹੋਣ ਕਾਰਨ ਸੰਗੀਤ ਪ੍ਰੇਮੀ ਭਾਰਤੀ ਸੰਗੀਤ ਦੀ ਹਰ ਵੰਨਗੀ ਦਾ ਆਨੰਦ ਮਾਣ ਸਕਦੇ ਹਨ। ਇਥੇ ਵੱਡੇ ਤਾਲਾਬ ਦੇ ਕੰਢੇ ਬਣਿਆ 'ਭਾਰਤ-ਭਵਨ' ਅੱਜ ਹਿੰਦੁਸਤਾਨੀ ਸੰਗੀਤਕਾਰਾਂ ਦੀ ਆਤਮਿਕ ਸਾਂਝ ਨਾਲ ਦਿਨੋ-ਦਿਨ ਸੰਸਕ੍ਰਿਤੀ ਦੇ ਮਹਾਨ ਕੇਂਦਰ ਦੇ ਤੌਰ ਤੇ ਲਗਾਤਾਰ ਵਿਕਾਸ ਵਾਲੇ ਪਾਸੇ ਕਦਮ ਵਧਾ ਰਿਹਾ ਹੈ। ਹਰ ਸਾਲ ਸ਼ਾਸਤਰੀ ਸੰਗੀਤ ਦੇ ਪ੍ਰੋਗਰਾਮ ਭਾਰਤ ਦੇ ਸਾਰੇ ਪ੍ਰਮੁੱਖ ਕਲਾਕਾਰਾਂ ਨੂੰ ਆਪਣੀ ਸਮੇਟ ਵਿਚ ਲੈਂਦੇ ਹਨ। ਉਕਤ ਵਰਨਣ ਕੇਵਲ ਸ਼ਹਿਰ ਦੀ ਉਸਤਤਿ ਲਈ ਨਹੀਂ ਕੀਤਾ, ਸਗੋਂ ਇਹ ਦੱਸਣ ਲਈ ਕਿ ਇਹੋ ਜਿਹਾ ਸੰਗੀਤਕ ਪਿੱਠ-ਭੂਮੀ, ਉੱਚ ਕੋਟੀ ਦੇ ਸ੍ਰੋਤਿਆਂ, ਸੰਗੀਤਕਾਰਾਂ ਤੇ ਸ਼ਾਸਤਰ-ਕਾਰਾਂ ਦਾ ਸ਼ਹਿਰ ਹੈ ਜਿਥੋਂ ਪੰਥ ਦੇ ਮਹਾਨ ਕੀਰਤਨੀਏ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ 'ਸੰਗੀਤ ਚੂੜਾਮਣਿ' ਦਾ ਰੁਤਬਾ ਆਪਣੀ ਸੁਚੱਜੀ ਕਲਾ ਨਾਲ ਪਰਣਾ ਕੇ ਲਿਆਏ ਸਨ। ਇਹ ਗੱਲ ਸਿੱਖ ਸੰਗਤਾਂ ਲਈ ਮਾਣ ਦੀ ਤਾਂ ਹੈ ਹੀ ਕੁਛ ਸਮਝਾਇਸ਼ ਵੀ ਮਿਲਦੀ ਹੈ, ਕਿ ਅਸੀਂ ਆਪਣੇ ਕਲਾਕਾਰਾਂ ਦੀ ਪਹਿਚਾਨ ਕਿਉਂ ਨਹੀਂ ਕਰ ਸਕਦੇ ?

ਸੰਨ 1981 ਵਿਚ ਆਪਣੇ ਕੁਝ ਮਿੱਤਰਾਂ ਨਾਲ ਵਿਚਾਰ ਕੀਤੀ ਕਿ ਗੁਰਬਾਣੀ ਕੀਰਤਨ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਾਨੂੰ ਆਪਣੀ ਪੱਧਰ ਤੇ ਯਤਨ ਜ਼ਰੂਰ ਕਰਨੇ ਚਾਹੀਦੇ ਹਨ। ਪ੍ਰੋ, ਜੋਗਿੰਦਰ ਸਿੰਘ, ਸਰਦਾਰ ਅਜੀਤ ਸਿੰਘ ਤੇ ਸਰਦਾਰ ਅਮਰਜੀਤ ਸਿੰਘ ਜਿਹੇ 4-6 ਮਿੱਤਰਾਂ ਨੇ ਮਿਲ ਕੇ ਗੁਰੂ ਮਿਹਰ ਸਦਕਾ 'ਗੁਰਬਾਣੀ ਸੰਗੀਤ ਪ੍ਰਚਾਰਕ ਸਭਾ' ਨਾਮ ਦੀ ਅਸਥਾਈ ਸੰਸਥਾ ਕਾਇਮ ਕਰ ਲਈ। ਭਾਈ ਦਿਲਬਾਗ ਸਿੰਘ ਹੋਰਾਂ ਨਾਲ ਪਹਿਲਾਂ ਮੇਲ ਕਦੇ ਨਹੀਂ ਸੀ ਹੋਇਆ, ਪਰ ਇਕ ਔਧ ਟੇਪ ਤੇ ਉਹਨਾਂ ਦੀ

ਵਿਦਵਤਾ ਦੀ ਮਹਿਮਾਂ ਸੁਣੀ ਹੋਈ ਸੀ। ਡਰਦਿਆਂ ਡਰਦਿਆਂ ਕਿ ਪਤਾ ਨਹੀਂ ਕਿਤਨੀ ਭੇਟਾ ਮੰਗਣਗੇ, ਅਧੀਨਗੀ ਸਹਿਤ ਬੇਨਤੀ ਕੀਤੀ ਕਿ ਗੁਰਬਾਣੀ ਸੰਗੀਤ ਦੀਆਂ ਪੁਰਾਣੀਆਂ ਪਰੰਪਰਾਵਾਂ ਪ੍ਰਚਾਰਨ ਹਿੱਤ ਮਰਯਾਦਾ ਪੂਰਵਕ ਕੀਰਤਨ ਕਰਕੇ ਇਕ ਹਫਤਾ ਸੰਗਤਾਂ ਦੀ ਸੇਵਾ ਕਰੋ, ਭੇਟਾ ਭੀ ਪੁੱਛ ਲਈ। ਜੁਆਬ ਆਇਆ ਜੋ ਰਾਗੀ ਸੌਦੇਬਾਜ਼ੀ ਕਰਦੇ ਹਨ, ਉਹਨਾਂ ਨੂੰ ਕਦੇ ਸੱਦਣਾ ਹੀ ਨਹੀਂ ਚਾਹੀਦਾ। ਯਾਦ ਹੈ 4-2-82 ਨੂੰ ਭਾਈ ਸਾਹਿਬ ਦਾ ਸੁਆਗਤ ਜੈਕਾਰਿਆਂ ਰਾਹੀਂ ਭੋਪਾਲ ਸਟੇਸ਼ਨ ਤੇ ਕੀਤਾ। ਉਸ ਦਿਨ ਰਾਤ ਨੂੰ ਜਦੋਂ ਉਹਨਾਂ ਕਲਿਆਨ ਰਾਗ ਵਿਚ 'ਪ੍ਰਭੁ ਕੀਜੈ ਕ੍ਰਿਪਾ ਨਿਧਾਨ' ਸ਼ਬਦ ਸੁਰੂ ਕੀਤਾ ਤਾਂ ਇੰਝ ਲੱਗੇ ਜਿਵੇਂ ਸੱਚਖੰਡ ਗੁਰੂ ਚਰਨਾਂ ਵਿਚ ਆ ਗਿਆ ਹੋਵੇ। 7 ਦਿਨ ਸਵੇਰੇ ਸ਼ਾਮ ਸਾਰੇ ਭੋਪਾਲ ਵਿਚ ਅੰਮ੍ਰਿਤ ਮਈ ਵਰਖਾ ਹੋਈ। ਗੁਰੂ ਰੀਝਾਣਾਂ ਪ੍ਰਯਤਨ ਸੀ ਕੋਈ ਆਵੇ ਨਾ ਆਵੇ, ਹਾਜ਼ਰੀ ਮਨ ਲਾ ਕੇ ਭਰਨੀ ਤੇ ਕਹਿਣਾ ਸ੍ਰੋਤਾ ਤਾਂ ਇਕ ਹੀ ਹੋਵੇ, ਕਾਫੀ ਹੈ। 7-2-82 ਨੂੰ ਦੁਪਹਿਰ ਵੇਲੇ ਸ਼ਾਸਤਰੀ ਸੰਗੀਤ ਦੀ ਸਭਾ ਆਯੋਜਿਤ ਕੀਤੀ। ਤਬਲੇ ਤੇ ਸੰਗਤ ਮਹਾਨ ਤਬਲਾ ਵਾਦਕ ਸਵਰਗਵਾਸੀ ਉਸਤਾਦ ਅਹਿਮਦ ਜਾਨ ਥਿਰਕਵਾ ਦੇ ਭਤੀਜੇ ਤੇ ਭੋਪਾਲ ਅਕਾਸ਼ਵਾਣੀ ਦੇ 'ਏ' ਗ੍ਰੇਡ ਸਟਾਫ ਕਲਾਕਾਰ ਸ੍ਰੀ ਸਰਬਤ ਹੁਸੈਨ ਨੇ ਕੀਤੀ। ਵਾਇਲਨ ਤੇ ਯੁਵਕ ਕਲਾਕਾਰ ਗੋਕਲ ਗੋਸ਼ਵਾਮੀ ਬੈਠੇ। ਭਾਈ ਸਾਹਿਬਾਨ ਨੇ ਖਿਆਲ ਦੇਸੀ ਭਿੜ ਕੇ ਗਾਇਆ ਤੇ ਇਹੋ ਜਿਹਾ ਹੀ ਭਿੜੰਤ ਵਾਲਾ ਸੁਭਾਅ ਤੇ ਦਾਅ ਪੇਚ ਤਬਲਾ ਵਾਦਕ ਦੇ ਵੀ ਸਨ। ਅੱਜ ਗੁਲਾਮ ਮੁਸਤਫਾ ਖਾਂ (ਬੰਬਈ ਵਾਲੇ) ਪਦਮ ਸ੍ਰੀ ਜਿਹੇ ਬਹੁਤ ਘੱਟ ਕਲਾਕਾਰ ਹਨ, ਜੋ ਭਿੜੰਤ ਦਾ ਅਨੰਦ ਸ੍ਰੋਤਿਆਂ ਨੂੰ ਦੇਣ ਦੇ ਸਮਰੱਥ ਹੋਣ ਨਹੀਂ ਤੇ ਨਾਮੀ ਕਲਾਕਾਰ ਭੀ ਕਹਿੰਦੇ ਸੁਣੀਦੇ ਹਨ ਕਿ 'ਭਈਆ ਸੀਧਾ ਠੇਕਾ ਲਗਾਣਾ'। ਇਸ ਭਿੜੰਤ ਗਾਇਕੀ ਦਾ ਅਸੀਮ ਅਨੰਦ ਮਾਣਿਆ ਤੇ ਜਦੋਂ ਦ੍ਰੁਤ ਖਿਆਲ ਦੀ ਲੈਅ ਚਰਮ ਸੀਮਾਂ ਤਕ ਪੁੱਜੀ ਤਾਂ ਵਾਇਲਨ ਵਾਦਕ ਨੇ ਹਥਿਆਰ ਸੁੱਟ ਦਿੱਤੇ। ਗਲ, ਠੁਮਰੀ ਤੇ ਬਸੰਤ ਰਾਗ ਦਾ ਦ੍ਰੁਤ ਖਿਆਲ ਗਾ ਕੇ ਇਹਨਾਂ ਆਪਣੀ ਕਲਾ ਦਾ ਸਿੱਕਾ ਭੋਪਾਲ ਵਿਚ ਜਮਾਇਆ।

ਦੂਜੀ ਵਾਰ ਸੰਨ 1984 ਦੀ ਵੈਸਾਖੀ ਤੇ ਆਪ ਭੋਪਾਲ ਸੱਦੇ ਗਏ। 13 ਅਪ੍ਰੈਲ ਦੀ ਰਾਤ ਨੂੰ ਸ਼ਾਸਤਰੀ ਸੰਗੀਤ ਦੀ ਇਕ ਵਿਸ਼ੇਸ਼ ਸਭਾ ਰੱਖੀ ਗਈ, ਜਿਸ ਵਿਚ ਦਾਸ ਨੇ ਯਤਨ ਕਰਕੇ ਕਈ ਨਾਮੀ ਸੰਗੀਤਕਾਰਾਂ ਨੂੰ ਬੁਲਾਇਆ। ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਜੀ ਨੇ ਰਾਗ ਰਾਗੇਸ਼ਰੀ ਵਿਚ 10 ਮਾਤਰਾ ਵਿਲੰਬਿਤ ਖਿਆਲ ਸ਼ੁਰੂ ਕੀਤਾ। ਤਬਲੇ ਤੇ ਸ੍ਰੀ ਸਰਬਤ ਹੁਸੈਨ ਤੇ ਸਾਰੰਗੀ ਤੇ ਸ੍ਰੀ ਨਜ਼ਰ ਹੁਸੈਨ ਜੀ ਨੇ ਚੰਗੀ ਸੰਗਤ ਕੀਤੀ। ਜਦੋਂ ਛੋਟਾ ਖਿਆਲ ਚਰਮ ਸੀਮਾਂ ਤੇ ਪੁੱਜਾ ਤਾਂ ਤਾਨਾਂ ਦੇ ਚਮਤਕਾਰ ਵਿਚ ਸੁਰਤ ਇਤਨੀ ਖੁੱਭ ਗਈ ਕਿ ਕਿਤਨਾਂ ਸਮਾਂ ਕੈਸਟ ਬਦਲਣ ਦਾ ਧਿਆਨ ਹੀ ਨਾ ਰਿਹਾ। ਅੱਜ ਵੀ ਰਿਕਾਰਡਿੰਗ ਸੁਣਦਿਆਂ ਅਫਸੋਸ ਹੁੰਦਾ ਹੈ ਕਿ ਪ੍ਰੋਗਰਾਮ ਦੀਆਂ ਅਨਮੋਲ (ਅੰਗਰੇਜ਼ੀ ਦਾ ਉਪਯੁਕਤ ਸ਼ਬਦ **Rare**) ਤਾਨਾਂ ਅਸੀਂ ਗੁਆ ਬੈਠੇ। ਮਾਲਕੋਸ ਵਿਚ ਛੋਟਾ ਖਿਆਲ 'ਪਿਆਰ ਨਹੀਂ ਹੈ ਸੁਰ ਸੇ ਜਿਸ ਕੋ' ਗਾ ਕੇ ਤਾਰਾਨਾ ਸ਼ੁਰੂ

ਕੀਤਾ ਤਾਂ ਤਬਲੇ ਦਾ ਧਾਮਾ ਫਟ ਗਿਆ। ਇਸ ਪ੍ਰੋਗਰਾਮ ਮਗਰੋਂ ਆਪ ਦੀ ਮਹਿਮਾ ਸੰਗੀਤ ਪ੍ਰੇਮੀਆਂ ਵਿਚ ਪਸਰਦੀ ਹੀ ਗਈ।

ਦੱਖਣ ਭਾਰਤ ਦੇ ਮਹਾਨ ਸੰਤ ਸੰਗੀਤਕਾਰ ਪੰਚਾਕਸ਼ਰ (Panchakshar) ਜੀ ਦੇ ਸੁਲੱਖਣੇ ਸ਼ਿਸ਼ ਤੇ ਭੋਪਾਲ ਦੇ ਵਿਖਿਅਤ ਗੁਣੀ ਗਾਇਕ ਸ੍ਰੀ ਸਿੱਧ ਰਾਮ ਸੁਆਮੀ 'ਕੋਰਵਾਰ' ਜੀ ਹਰ ਸਾਲ ਪੰਚਾਕਸ਼ਰ ਪੁਨਸਤਿਥੀ ਬੜੇ ਉਤਸ਼ਾਹ ਨਾਲ ਮਨਾਂਦੇ ਹਨ। ਸੰਨ 1986 ਦੇ ਮੱਧ ਵਿਚ ਉਹਨਾਂ ਮੈਨੂੰ ਹੁਕਮ ਕੀਤਾ ਕਿ ਇਸ ਵਾਰ ਸਰਦਾਰ ਜੀ ਕੋ ਬੁਲਾਨਾਂ ਹੈ। ਆਪ ਸੰਪਰਕ ਕਰੋ, ਭਾਈ ਸਾਹਿਬ ਨੇ ਮੈਨੂੰ ਵਿਸ਼ੇਸ਼ ਅਧਿਕਾਰ ਦਿੱਤਾ ਸੀ ਕਿ 15 ਪੈਸੇ ਦਾ ਕਾਰਡ ਭੇਜ ਦਿਉ ਪ੍ਰੋਗਰਾਮ ਛੱਡ ਕੇ ਭੀ ਆ ਜਾਵਾਂਗਾ ਉਹਨਾਂ ਕੌਲ ਤੇ ਪਾਲਿਆ ਦਸੰਬਰ 1986 ਨੂੰ ਪੰਚਾਕਸ਼ਰ ਪੁਨਯਤਿਥੀ ਲਈ ਭੋਪਾਲ ਪੁੱਜ ਗਏ। ਭੋਪਾਲ ਦਾ ਸਭ ਤੋਂ ਵਧੀਆ 'ਰਵੀਂਦਰ ਹਾਲ' ਖਚਾਖਚ ਭਰਿਆ ਸੀ। ਆਕਾਸ਼ਵਾਣੀ ਦੀ ਡਾਇਰੈਕਟਰ ਸਾਹਿਬਾ, ਮੰਤਰੀ ਸ੍ਰੀ ਤਨਵੰਤ ਸਿੰਘ 'ਕੀਰ', ਹੋਰ ਪਤਵੰਤੇ ਤੇ ਸੰਗੀਤ ਪ੍ਰੇਮੀਆਂ ਦੀ ਇਸ ਸਭਾ ਵਿਚ ਆਪ ਨੇ ਰਾਗ ਦਰਬਾਰੀ ਦਾ ਗਾਇਨ ਕੀਤਾ। ਤਬਲੇ ਤੇ ਹਿੰਦੁਸਤਾਨੀ ਸੰਗੀਤ ਦੀ ਆਤਮਾ ਸਵਰਗਵਾਸੀ ਉਸਤਾਦ ਅਮੀਰ ਖਾਂ ਸਾਹਿਬ ਦੇ ਕਰੀਬੀ ਰਿਸ਼ਤੇਦਾਰ ਤੇ ਭੋਪਾਲ ਅਕਾਸ਼ਬਾਣੀ ਦੇ ਪਹਿਲੇ A (ਏ) ਗ੍ਰੇਡ ਤਬਲਾ ਵਾਦਕ ਉਸਤਾਦ ਇਸਮਾਈਲ ਦੱਦੂ ਖਾਂ ਸਨ। ਹਾਰਮੋਨੀਅਮ ਤੇ ਵਿਦਵਾਨ ਸ੍ਰੀ ਉਸਮਾਨੀ ਜੀ ਤੇ ਸਾਰੰਗੀ ਤੇ ਸੋਹਣੇ ਸੰਗਤਾਕ ਅਬਦੁਲ ਸਮੱਦ ਖਾਂ ਜੀ ਸਨ। ਇਹਨਾਂ ਦੀ ਲੜੰਤ ਗਾਇਕੀ ਨੇ ਸ਼ੁਰੂ ਤੋਂ ਹੀ ਤਬਲਾ ਵਾਦਕ ਨੂੰ (Nervous) ਕਰ ਦਿੱਤਾ। ਹਾਲਾਂਕਿ, ਭਾਰਤ ਦਾ ਕੋਈ ਚੋਟੀ ਦਾ ਕਲਾਕਾਰ ਨਹੀਂ ਹੋਵੇਗਾ ਜਿਸ ਨਾਲ ਦੱਦੂ ਖਾਂ ਸਾਹਿਬ ਨਾ ਬੈਠੇ ਹੋਣ, ਪਰ ਅੱਜ ਬੱਚਾ ਵੀ ਸਮਝ ਸਕਦਾ ਸੀ ਕਿ ਖਾਂ ਸਾਹਿਬ ਸਹਿਮੇ ਹੋਏ ਹਨ ਤੇ ਆਖਿਰ ਦ੍ਰੁਤ ਖਿਆਲ ਵਿਚ ਲੈਅ ਵਧੀ ਤਾਂ ਇਕ ਸਮਾਂ ਅਜਿਹਾਂ ਭੀ ਆਇਆ ਕਿ ਖਾਨ ਸਾਹਿਬ ਦਾ ਹੱਥ ਰੁਕ ਗਿਆ। "ਰਾਗ ਰਸੋਈ ਪਾਗੜੀ ਕਭੀ ਕਭੀ ਬੰਧ ਜਾਏ" ਸੰਗੀਤਕਾਰਾਂ ਦੀ ਕਹਾਵਤ ਹੈ। ਅੱਜ ਤਾਂ ਸਮਾਂ ਭੀ ਰਾਗ ਭੀ, ਸ੍ਰੋਤੇ ਭੀ ਸਭ ਕੁਝ ਬੱਝਿਆ ਹੋਇਆ ਨਜ਼ਰ ਆਂਦਾ ਸੀ, ਇਕ ਸਿੰਘ ਸੂਰਮੇ ਹੀ ਦਰਾੜ ਰਹੇ ਸਨ ਜਾਂ ਫਿਰ ਸ੍ਰੋਤੇ ਤਾਲੀਆਂ ਵਜਾਂਦੇ ਨਹੀ ਸੀ ਥੱਕਦੇ। ਸੰਗੀਤ ਪ੍ਰੇਮੀਆਂ ਦੇ ਸ਼ਬਦ ਸਨ "ਏਕ ਬਾਰ ਯਹਾਂ ਦਰਬਾਰੀ ਜਸਰਾਜ ਜੀ ਸੇ ਸੁਨਾ ਥਾ ਸਿਰਦਾਰ ਜੀ ਨੇ ਤੋ ਵੋਹ ਭੀ ਭੁਲਾ ਦਿਯਾ" ਫਿਰ ਕੀ ਸੀ ਕਿਤੇ ਪੱਤਰਕਾਰ ਪਿੱਛੇ ਪਿੱਛੇ ਤੇ ਕਿਤੇ ਸੰਗੀਤਕਾਰ ਮਿਲਣ ਲਈ ਉਤਾਵਲੇ, ਸੁੱਤੇ ਸਨ ਤਾਂ ਸਿੱਖ ਵੀਰ, ਉਹ ਨਿਸਚਿੰਤ ਸਨ। ਇਸੇ ਦੌਰੇ ਵਿਚ ਕਰਨਲ ਭਸੀਨ ਦੇ ਘਰ ਇਕ ਸਭਾ ਵਿਚ ਆਪ ਨੇ ਰਾਗ ਸ਼ੁਧ ਸਾਰੰਗ ਸੁਣਾਇਆ। ਸ੍ਰੀ ਕਾਥਨ ਨੇ ਵਾਇਲਨ ਤੇ ਸੁਰੀਲੀ ਸੰਗਤ ਕੀਤੀ।

ਸੰਨ 1988 ਵਿਚ ਆਪ ਜੀ ਇਕ ਸ਼ਾਦੀ ਤੇ ਆਏ ਤਾਂ ਗੁਰਦੁਆਰਾ ਟੀ. ਟੀ. ਨਗਰ ਦੇ ਬਾਹਰ ਹੀ ਚੰਨ ਦੀ ਚਾਨਣੀ ਵਿਚ ਇਕ ਸਭਾ ਮਿਤੀ 13-8-88 ਨੂੰ ਅਯੋਜਿਤ ਕੀਤੀ। ਦਾਸ ਦੀ ਬੇਨਤੀ ਪ੍ਰਵਾਨ ਕਰ ਤੇ 'ਸਿਰਦਾਰ ਜੀ ਕਾ ਗਾਇਨ ਸੁਣਨੇ ਕੇ

ਪੀਏਟੇ ਇਸ ਸਭਾ ਵਿਚ ਇੰਡੀਅਨ ਬੈਲੇ ਟਰੁਪ ਦੇ ਮੁਖੀ ਸ੍ਰੀ ਗਾਂਗੁਲੀ ਜੀ, ਅਲਾਉਦੀਨ ਅਕੈਡਮੀ ਦੇ ਡਾਇਰੈਕਟਰ ਚੌਰਸੀਆ ਜੀ, ਭੋਪਾਲ ਸ੍ਰੀ (ਸੰਗੀਤ) ਪੰਡਿਤ ਨੰਦ ਕਿਸ਼ੋਰ ਜੀ, ਸ੍ਰੀ ਸੱਜਨ ਲਾਲ ਭੱਟ (ਮਿਊਜ਼ਿਕ ਪ੍ਰੋਫੈਸਰ) ਆਕਾਸ਼ਵਾਣੀ ਭੋਪਾਲ ਦੇ ਮਿਊਜ਼ਿਕ ਪ੍ਰੋਡਿਊਸਰ ਸ੍ਰੀ ਰਾਮਦਾਸ ਸੁੰਗਰੇ ਜੀ ਸੁਆਮੀ ਹਰੀਦਾਸ ਸੰਗੀਤ ਕਲਾ ਪ੍ਰੀਸ਼ਦ ਦੇ ਪ੍ਰਧਾਨ ਸ੍ਰੀ ਗਣੇਸ਼ ਪ੍ਰਸ਼ਾਦ ਭਾਰਦਵਾਜ ਜੀ ਤੇ ਇਸੇ ਕੋਟੀ ਦੇ ਸੰਗੀਤ ਉਸਤਾਦਾਂ ਅਥਵਾ ਉਚੇ ਸ੍ਰੋਤਿਆਂ ਨੇ ਆਪ ਦਾ ਗਾਇਨ ਸੁਣ ਪ੍ਰਸ਼ੰਸਾ ਕੀਤੀ ਕਿ "ਐਸਾ ਲੱਗ ਰਹਾ ਥਾ ਜੈਸੇ ਕੋਈ ਆਕਾਸ਼ ਸੇ ਫਰਿਸ਼ਤੇ ਆਏ ਹੋਂ"।

ਸਵਾਮੀ ਹਰੀਦਾਸ ਸੰਗੀਤ ਕਲਾ ਪ੍ਰੀਸ਼ਦ ਦਾ ਸੰਬੰਧ ਗੰਧਰਵ ਮਹਾਂ ਮੰਡਲ ਬੰਬਈ ਨਾਲ ਹੈ। ਸੰਗੀਤ ਵਿਦਿਆਲਾ ਚਲਾਣ ਦੇ ਨਾਲ ਨਾਲ ਸਾਲ ਵਿਚ ਦੋ ਪ੍ਰੋਗਰਾਮ ਵੰਸੋਤੋਤਸਵ ਤੇ ਹਰਿਦਾਸ ਜਯੰਤੀ ਸਮਾਰੋਹ ਧੂਮ-ਧਾਮ ਨਾਲ ਮਨਾਏ ਜਾਂਦੇ ਹਨ। ਸੰਗੀਤ ਪ੍ਰਤੀ ਲਗਨ ਤੇ ਪ੍ਰੇਮ ਦੀ ਭਾਵਨਾ ਨੂੰ ਪ੍ਰਵਾਨ ਕਰਦਿਆਂ ਦਾਸ ਨੂੰ ਇਸ ਸਭਾ ਦਾ ਫਾਊਂਡਰ ਮੈਂਬਰ ਤੇ ਕਈ ਸਾਲਾਂ ਤੋਂ ਮੀਤ-ਪ੍ਰਧਾਨ (ਜੋ ਭੋਪਾਲ ਛੱਡਣ ਮਗਰੋਂ ਮੈਂ ਅਜੇ ਭੀ ਹਾਂ) ਹੋਣ ਦਾ ਮਾਣ ਪ੍ਰਾਪਤ ਹੈ। ਇਹ ਸੰਸਥਾ ਖਾਸ ਤੌਰ ਤੇ ਹਰਿਦਾਸ ਜਯੰਤੀ ਸਮਾਰੋਹ ਤੇ ਹਰ ਸਾਲ ਦੇਸ਼ ਦੇ ਉੱਘੇ ਸੰਗੀਤਕਾਰਾਂ ਨੂੰ ਆਮੰਤ੍ਰਿਤ ਕਰਦੀ ਹੈ। 20-8-88 ਨੂੰ ਜਯੰਤੀ ਸਮਾਗਮ ਦੀ ਇਕ ਵਿਸ਼ਾਲ ਸਭਾ ਵਿਚ ਭਾਈ ਸਾਹਿਬ ਦਾ ਪ੍ਰਮੁੱਖ ਕਲਾਕਾਰ ਦੇ ਰੂਪ ਵਿਚ ਗਾਇਨ ਰੱਖਿਆ ਗਿਆ। ਤਬਲੇ ਤੇ ਸ੍ਰੀ ਸਰਬਤ ਹੁਸੈਨ ਤੇ ਸਾਰੰਗੀ ਤੇ ਭਾਰਤ ਦੇ ਵਯਾਖਯਾਤ ਉਸਤਾਦ ਲਤੀਫ ਖਾਂ ਸਹਿਯੋਗ ਕਰ ਰਹੇ ਸਨ। ਇਸ ਸਮਾਰੋਹ ਵਿਚ ਆਪ ਦੇ ਗੁਣ, ਕਲਾ ਅਤੇ ਸੰਗੀਤ ਪ੍ਰਤੀ ਸਮਰਪਣ ਤੇ ਸੇਵਾ ਨੂੰ ਧਿਆਨ ਵਿਚ ਰੱਖਦਿਆਂ ਸਵਾਮੀ ਹਰਿਦਾਸ ਸੰਗੀਤ ਕਲਾ ਪ੍ਰੀਸ਼ਦ ਨੇ ਭੋਪਾਲ ਦੇ ਸ੍ਰੋਤਿਆਂ, ਸੰਗੀਤਕਾਰਾਂ ਨੇ ਆਪ ਦੋਹਾਂ ਭਾਈਆਂ ਨੂੰ 'ਸੰਗੀਤ-ਚੂੜਾਮਣਿ' ਦੀ ਮਾਨਦ ਉਪਾਧੀ ਪ੍ਰਦਾਨ ਕੀਤੀ। ਇਸ ਸੰਸਥਾ ਨੇ ਅਜੇ ਤਕ ਭੀ ਇਹ ਸਨਮਾਨ ਹੋਰ ਕਿਸੇ ਨੂੰ ਨਹੀਂ ਦਿੱਤਾ। ਸਿੱਖ ਸੰਗਤਾਂ ਲਈ ਇਹ ਗੌਰਵ ਦੀ ਗੱਲ ਹੈ ਕਿ ਗੁਰੂ ਘਰ ਦੇ ਕੀਰਤਨਕਾਰ ਜਥੇ ਨੇ ਗੈਰ ਸਿੱਖ ਸਟੇਜ ਤੇ ਇਤਨਾ ਉੱਚਾ ਮਾਣ ਪ੍ਰਾਪਤ ਕੀਤਾ। ਭਾਈ ਸਾਹਿਬ ਨੂੰ ਤੇ ਸਿੱਖ ਸੰਸਥਾਵਾਂ ਨੂੰ ਇਹ ਪਦ ਉਹਨਾਂ ਦੇ ਨਾਮ ਨਾਲ ਲਿਖਣਾ ਚਾਹੀਦਾ ਹੈ। ਸਿੱਖ ਸੰਗਤਾਂ ਨੂੰ ਇਹ ਭੀ ਬੇਨਤੀ ਹੈ ਕਿ ਸਾਨੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਸਾਡੀ ਕੌਮ ਦੇ ਹੀਰਿਆਂ ਦਾ ਮੁੱਲ ਗੈਰ-ਧਰਮੀ ਜਾਣਦੇ ਹਨ ਤਾਂ ਅਸੀਂ ਕਿਉਂ ਹੀਰਿਆਂ ਦਾ ਤਿਆਗ ਕਰ ਕੌਡੀਆਂ ਦੇ ਗ੍ਰਾਹਕ ਹੋ ਗਏ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਅਜਿਹੇ ਅਨ-ਮੋਲ ਰਾਗੀਆਂ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਸੇਵਾ ਦੇ ਕੇ ਕੀਰਤਨ ਪਰੰਪਰਾ ਨੂੰ ਕੈਸਟ ਕਲਚਰ ਤੋਂ ਬਚਾਉਣ ਦਾ ਯਤਨ ਕਰੇ। ਜੇ ਮਾਇਆ ਵੱਧ ਦੇਣੀ ਭੀ ਪਵੇ ਤਾਂ ਭੀ ਕੋਈ ਬਾਤ ਨਹੀਂ, ਆਪਣੀ ਰਿਵਾਇਤ ਸੁਰਜੀਤ ਰੱਖਣ ਲਈ ਕੀਤਾ ਖਰਚ ਸਵਾਰਥ ਹੈ। ਹਸਪਤਾਲ, ਸਕੂਲ ਆਦਿ ਤਾਂ ਸਰਕਾਰਾਂ ਦੇ ਫਰਜ ਹਨ। ਸਾਡੇ ਲਈ ਇਹ ਨੰਬਰ ਦੋ ਸੇਵਾ ਹੈ, ਪਹਿਲ ਗੁਰਦੁਆਰਿਆਂ ਦੀ ਸੇਵਾ ਨੂੰ ਦੇਣੀ ਚਾਹੀਦੀ ਹੈ ਕਿਉਂਕਿ ਧਰਮ ਪ੍ਰਚਾਰ ਦਾ ਅਸਲ ਕੇਂਦਰ ਗੁਰਦੁਆਰੇ ਹੀ ਹਨ।

ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਕਲਾਕਾਰ ਕੀਰਤਨੀਏ ਹੋਣ ਦੇ ਨਾਲ ਨਾਲ ਪੁਰਾਤਨ ਸਿੱਖ ਸਾਦਗੀ ਦੀ ਜੀਵਤ ਮਿਸਾਲ ਹਨ। ਉਹਨਾਂ ਦਾ ਪਹਿਰਾਵਾ, ਬੋਲ-ਚਾਲ ਉਠਣਾ-ਬੈਠਣਾ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਿਤੇ ਸੱਤਾ-ਬਲਵੰਡ ਦੀ ਯਾਦ ਤਾਜ਼ਾ ਹੋ ਜਾਂਦੀ ਹੋਵੇ। ਸੇਵਾਦਾਰ ਨੂੰ ਕਹਿਣਾ ਲਿਆ ਸਬਜ਼ੀ ਪਿਆਜ਼ ਅਸੀਂ ਕੱਟ ਦਿੰਦੇ ਹਾਂ ਤੂੰ ਹੋਰ ਕੰਮ ਕਰ ਲੈ। ਪੈਸੇ ਦਾ ਲਾਲਚ ਨਹੀਂ, ਪਟਿਆਲੇ ਆਏ ਤਾਂ ਸਮਾਣੇ ਦੇ ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਸਾਡੇ ਸ਼ਹਿਰ ਦਰਸ਼ਨ ਦਿਓ, ਮੇਰੇ ਵੱਲ ਇਸ਼ਾਰਾ ਕਰ ਕਹਿਣ ਲੱਗੇ ਕਿ ਭਾਈ ਸਾਹਿਬ ਕਹਿਣ ਤਾਂ ਸਵਾ ਰੁਪਈਏ ਵਿਚ ਕੀਰਤਨ ਕਰ ਆਵਾਂਗੇ। ਰੱਬੀ ਸਿਫਤ-ਸਾਲਾਹ ਦਾ ਲਾਲਚ ਹੈ, ਨਿਰਧਾਰਿਤ ਸਮੇਂ ਤੇ ਕੀਰਤਨ ਤੇ ਬੈਠ ਜਾਣਾ ਹੈ ਭਾਵੇਂ ਕੋਈ ਸ੍ਰੋਤਾ ਹੋਵੇ ਜਾਂ ਨਾ। ਅਕਸਰ ਕਹਿੰਦੇ ਹਨ ਕੀਰਤਨ ਤਾਂ ਗੁਰੂ ਨੂੰ ਸੁਨਾਣਾ ਹੈ। ਐਸੇ ਰਾਗੀਆਂ ਨਾਲ ਭੀ ਵਾਹ ਪਿਆ ਹੈ ਜੋ ਕਹਿੰਦੇ ਨੇ ਅਸੀਂ ਗੁਰਦੁਆਰੇ ਕਦੇ ਨਹੀਂ ਰੁਕੇ ਕਿਉਂਕਿ ਹੋਟਲਾਂ ਵਾਲੀ ਸੁਵਿਧਾ ਗੁਰਦੁਆਰਿਆਂ ਵਿਚ ਕਿਥੇ? ਪਰ ਭਾਈ ਸਾਹਿਬ ਕਹਿੰਦੇ ਹਨ ਇਸ ਦਰ ਬਿਨਾਂ ਕਿਤੇ ਸਾਨੂੰ ਚੈਨ ਹੀ ਨਹੀਂ ਮਿਲਦੀ। ਵਿਵਸਥਾ ਭਾਵੇਂ ਥੋੜ੍ਹੀ ਢਿੱਲੀ ਹੀ ਹੋਵੇ। ਆਮ ਰਾਗੀ ਸਿੰਘਾਂ ਦੇ ਗਿਲ੍ਹੇ ਹੀ ਰਹਿੰਦੇ ਹਨ, ਇਹ ਪ੍ਰਬੰਧ ਠੀਕ ਨਹੀਂ, ਉਹ ਪ੍ਰਬੰਧ ਠੀਕ ਨਹੀਂ, ਉਹ ਪ੍ਰਬੰਧ ਖਰਾਬ ਹੈ ਪਰ ਇਹ ਸੁਭਾਅ ਇਹਨਾਂ ਦਾ ਨਹੀਂ। ਅਸੂਲ ਦੇ ਪੱਕੇ ਹਨ ਗੁਰ ਮਰਯਾਦਾ ਪੂਰੀ ਕਰਨੀ ਹੈ ਕੋਈ ਨਾਰਾਜ਼ ਹੁੰਦਾ ਹੈ ਤਾਂ ਹੋਵੇ। ਜਦ ਕਿਸੇ ਸੱਜਣ ਕਿਹਾ ਕਿ ਸੰਗਤ ਨੂੰ ਨਾਲ ਲੈ ਕੇ ਕੀਰਤਨ ਕਰੋ ਤਾਂ ਕਹਿ ਦਿੱਤਾ ਕਿ ਭਾਈ ਅਗੇ ਆਪ ਸਭ ਨੂੰ ਕੀਰਤਨ ਆਉਂਦਾ ਹੈ ਤਾਂ ਸਾਨੂੰ ਕਾਹਨੂੰ ਬੁਲਾਣਾ ਸੀ। ਕਾਸ਼ ਸਾਡੇ ਮਾਇਆ ਰੱਤੇ, ਹੈਂਕੜਬਾਜ਼, ਬੇਗੁਣੇ ਕੀਰਤਨੀਏ ਜੋ ਇਸ ਨੂੰ ਮਾਤਰ ਧੰਦਾ ਸਮਝ ਬੈਠੇ ਹਨ, ਭਾਈ ਸਾਹਿਬ ਦੇ ਜੀਵਨ ਤੋਂ ਕੁਝ ਸਿੱਖ ਸਕਣ।

ਕਿਸੇ ਸ਼ਖਸ਼ੀਅਤ ਦਾ ਮੁਲਾਂਕਣ ਕਰਨ ਸਮੇਂ ਲੇਖਕ ਲਈ ਗੁਣ ਦੋਸ਼ ਦੋਹਾਂ ਦਾ ਵਿਵੇਚਨ ਕਰਨਾ ਭਲੀ ਗੱਲ ਹੈ। ਇਸ ਨਾਲ ਇਕ ਤਾਂ ਲੇਖਕ ਚਾਪਲੂਸੀ ਜਿਹੇ ਮਾੜੇ ਆਚਾਰ ਦਾ ਭਾਗੀ ਨਹੀਂ ਬਣਦਾ ਤੇ ਦੂਜਾ ਉਸ ਵਿਅਕਤੀ ਨੂੰ ਆਪਣਾ ਆਪਾ ਹੋਰ ਉੱਚਾ ਚੁੱਕਣ ਦਾ ਮੌਕਾ ਮਿਲਦਾ ਹੈ, ਜਿਸ ਬਾਰੇ ਉਹ ਲਿਖ ਰਿਹਾ ਹੈ। ਮੈਂ ਅਨੁਭਵ ਕੀਤਾ ਹੈ ਕਿ ਭਾਈ ਸਾਹਿਬ ਸਟੇਜ ਤੇ ਸੰਗਤਕਾਰ ਨੂੰ ਆਪਣੀ ਗੱਲ ਕਰਨ ਦਾ ਅਵਸਰ ਨਹੀਂ ਦਿੰਦੇ, ਜੋ ਸੰਗੀਤਕ-ਸਭਿਆਚਾਰ ਦੇ ਅਨੁਕੂਲ ਨਹੀਂ। ਕਲਾਕਾਰ ਦੇ ਇਸ ਦੋਸ਼ ਕਾਰਨ ਸੰਗਤਕਾਰ ਆਪਣਾ ਅਪਮਾਨ ਸਮਝਦਾ ਹੈ ਤੇ ਆਮ ਤੌਰ ਤੇ ਹਰ ਵੱਡਾ ਉਸਤਾਦ ਸੰਗਤਕਾਰ ਦੀ ਭਾਵਨਾ ਦਾ ਸਨਮਾਨ ਕਰਦਾ ਅਤੇ ਉਸ ਨੂੰ ਭੀ ਉਪਯੁਕਤ ਸਮਾਂ ਦਿੰਦਾ ਹੈ ਤੇ ਇਸ ਨਾਲ ਗਾਇਨ ਨੂੰ ਭੀ ਚਾਰ ਚੰਦ ਲੱਗ ਜਾਂਦੇ ਹਨ। ਦੂਜਾ ਸਮੇਂ ਤੋਂ ਪਹਿਲਾਂ ਤੇ ਸਿਖਰ ਛੁਹਣ ਤੋਂ ਪਹਿਲਾਂ ਹੀ ਉਹਨਾਂ ਦੀ ਕਲਾ ਮੈਨੂੰ ਢਲਦੀ ਨਜ਼ਰ ਆ ਰਹੀ ਹੈ। ਸੰਗੀਤ ਪ੍ਰੇਮੀ ਸਿੱਖ ਉਹਨਾਂ ਤੋਂ ਇਹ ਆਸ ਕਰਦੇ ਹਨ ਕਿ ਸ਼ਾਸਤਰ ਵਿਚ ਹੋਰ ਪ੍ਰਪੱਕ ਹੋ ਕੇ ਤੇ ਘੱਟ ਪੜ੍ਹਾਈ ਲਿਖਾਈ ਦੇ ਬੰਧਨ ਨੂੰ ਤੋੜ ਕੇ ਉਹ ਘੱਟੋ ਘੱਟ 'ਸਿੰਘ ਬੰਧੂਆਂ'

ਦੇ ਰੁਤਬੇ ਤਕ ਜ਼ਰੂਰ ਪੁੱਜਣ। ਇਹ ਅਹਿਸਾਸ ਕਦੇ ਨਾ ਆਵੇ ਕਿ ਹੁਣ ਉਹ [illegible] ਪਿਤ ਉਸਤਾਦਾਂ ਨੂੰ ਪਛਾੜ ਸਕਦੇ ਹਨ। ਉਹਨਾਂ ਨੂੰ ਮੇਰੀ ਬੇਨਤੀ ਹੈ ਕਿ ਉਹ ਕਦੇ ਪਿਛਾਂਹ ਨਾ ਤੱਕਣ ਅਗਾਹਾਂ ਨੂੰ ਤ੍ਰਾਂਘਿ' ਦਾ ਮੰਤਰ ਪੱਲੇ ਬੰਨ੍ਹ, ਹਉਮੈ ਤੋਂ ਬਚ ਹਿੰਦੁਸਤਾਨੀ ਸੰਗੀਤ ਦੀ ਸਿਖਰ ਨੂੰ ਛੋਹਣ ਦਾ ਪ੍ਰਯਾਸ ਜਾਰੀ ਰੱਖਣ ਤਾਂ ਕਿ ਉਹ ਹਿੰਦੁਸਤਾਨ ਦੇ ਮਹਾਨ ਸੰਗੀਤਕਾਰਾਂ ਵਿਚ ਆਪਣਾ ਸਥਾਨ ਬਣਾ ਸਕਣ ਤੇ ਸਿੱਖ ਕੀਰਤਨੀਆਂ ਦਾ ਰੁਤਬਾ ਭੀ ਦੇਸ਼ ਵਿਚ ਵਖਿਆਤ ਕਰ ਸਕਣ। ਭਾਸ਼ਾ ਵਿਭਾਗ ਵੱਲੋਂ ਮਿਲੇ ਸਨਮਾਨ ਲਈ ਬਹੁਤ ਵਧਾਈ।

ਹਰਭਜਨ ਸਿੰਘ 'ਖਾਲਸਾ'
ਮੀਤ ਪ੍ਰਧਾਨ ਸੁਆਮੀ ਹਰਿਦਾਸ ਸੰਗੀਤ ਕਲਾ ਪ੍ਰੀਸ਼ਦ (ਭੋਪਾਲ)
ਕਿਊ 28 ਪੰਜਾਬੀ ਯੂਨੀਵਰਸਿਟੀ ਪਟਿਆਲਾ